**ਜਮਾਤ ਗਿਆਰਵੀਂ**

**ਵਿਸ਼ਾ ਇਤਿਹਾਸ**

**ਅਧਿਐਨ ਸਮੱਗਰੀ (2025-26)**

**ਤਿਆਰ ਕਰਤਾ:**



| | |
|---|---|
| **ਸ: ਕਰਨੈਲ ਸਿੰਘ ਨਿਰਮਾਣ,<br>ਲੈਕਚਰਾਰ ਇਤਿਹਾਸ<br>ਸ.ਸ.ਸ.ਸ.ਫਤਿਹਗੜ ਛੰਨਾ<br>(ਪਟਿਆਲਾ)** | **ਸ੍ਰੀ ਰਜਿੰਦਰ ਕੁਮਾਰ,<br>ਲੈਕਚਰਾਰ ਇਤਿਹਾਸ<br>ਸ.ਸ.ਸ.ਸ. ਬਾਦਸ਼ਾਹਪੁਰ ਕਾਲੇਕੀ (ਪਟਿਆਲਾ)** |
| **ਸ੍ਰੀ ਗੁਰਵਿੰਦਰ ਸਿੰਘ,<br>ਲੈਕਚਰਾਰ ਇਤਿਹਾਸ<br>ਸ.ਸ.ਸ.ਸ. ਪੰਡੋਰੀ ਨਿੱਝਰਾਂ (ਜਲੰਧਰ)** | **ਸ੍ਰੀ ਸੰਜੀਵ ਕੁਮਾਰ,<br>ਲੈਕਚਰਾਰ ਇਤਿਹਾਸ,<br>ਸ.ਸ.ਸ.ਸ.ਸੈਦੋਵਾਲ ਖੁਰਦ (ਗੁਰਦਾਸਪੁਰ)** |



**1. ਬਹੁਵਿਕਲਪੀ ਪ੍ਰਸ਼ਨ:-**

(i) ) ਹੇਠ ਲਿਖਿਆਂ ਨੂੰ ਧਿਆਨ ਨਾਲ ਪੜ੍ਹੋ ਤੇ ਉੱਤਰ ਦਿਓ:- 1

| ਕੇਂਦਰ | ਰਾਜ |
|---|---|
| 1.ਹੜੱਪਾ | (i) ਗੁਜਰਾਤ |
| 2.ਕਾਲੀਬੰਗਾ | (ii) ਸਿੰਧ |
| 3.ਮੁਹਿੰਜੋਦੜੋ | (iii) ਪੰਜਾਬ |
| 4.ਲੋਥਲ | (iv) ਰਾਜਸਥਾਨ |

ਉਪਰੋਕਤ ਦੇ ਅਧਾਰ ਤੇ ਕਿਹੜਾ ਸਹੀ ਹੈ:-

| | 1 | 2 | 3 | 4 |
|---|---|---|---|---|
| (ii) | (i) | (ii) | (iii) | (iv) |
| (ii) | (iii) | (iv) | (ii) | (i) |
| (ii) | (ii) | (iii) | (i) | (iv) |
| (ii) | (iv) | (i) | (iii) | (ii) |

(ii) ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ:- 1

(ੳ) ਕਲਿੰਗ ਦਾ ਯੁੱਧ ਮੌਰਿਆ ਸ਼ਾਸਕ ਚੰਦਰਗੁਪਤ ਮੌਰੀਆ ਨਾਲ ਸਬੰਧਤ ਹੈ।

(ਅ) ਕਲਿੰਗ ਦਾ ਯੁੱਧ ਮੌਰਿਆ ਸ਼ਾਸਕ ਅਸ਼ੋਕ ਨਾਲ ਸਬੰਧਤ ਹੈ।

(ੲ) ਕਲਿੰਗ ਦਾ ਯੁੱਧ ਮੌਰਿਆ ਸ਼ਾਸਕ ਬਿੰਦੂਸਾਰ ਨਾਲ ਸਬੰਧਤ ਹੈ।

(ਸ) ਕਲਿੰਗ ਦਾ ਯੁੱਧ ਗੁਪਤ ਸ਼ਾਸਕ ਚੰਦਰਗੁਪਤ ਪਹਿਲੇ ਨਾਲ ਸਬੰਧਤ ਹੈ।

(iii) ਹੇਠ ਲਿਖਿਆਂ ਵਿੱਚੋਂ ਕਿਹੜਾ ਜੁੱਟ ਗਲਤ ਹੈ:- 1

| | ਰਚਨਾ | ਲੇਖਕ |
|---|---|---|
| (ੳ) | ਅਰਥਸ਼ਾਸਤਰ | ਕੋਟੱਲਿਆ |
| (ਅ) | ਰਾਜਤਰੰਗਣੀ | ਕਲਹਣ |
| (ੲ) | ਰੁਹੇਲਾ | ਇਬਨਬਤੂਤਾ |
| (ਸ) | ਅਸਟਾਧਿਆਈ | ਹਰੀਹਰ |

(iv) ਹੇਠ ਲਿਖੇ ਰਾਜਵੰਸਾਂ ਦਾ ਸਹੀ ਕਾਲਕ੍ਰਮ ਦੱਸੋ:- 1

(i) ਸੱਯਦ ਵੰਸ਼ (ii) ਤੁਗਲਕ ਵੰਸ਼ (iii) ਲੋਧੀ ਵੰਸ਼ (iv) ਖਲਜੀ ਵੰਸ਼

| | 1 | 2 | 3 | 4 |
|---|---|---|---|---|
| (ੳ) | (i) | (ii) | (iii) | (v) |
| (ਅ) | (iii) | (iv) | (v) | (i) |
| (ੲ) | (ii) | (iii) | (i) | (iv) |
| (ਸ) | (iv) | (ii) | (i) | (iii) |

(v) ਹੇਠ ਲਿਖਿਆ ਵਿੱਚੋਂ ਕਿਹੜਾ ਕਥਨ ਗਲਤ ਹੈ:- 1

(ੳ) ਵਿਜੈਨਗਰ ਰਾਜ ਨਾਲ ਸੰਬੰਧਿਤ ਹਰੀਹਰ-1 ਸੰਗਮ ਵੰਸ਼ ਦਾ ਪਹਿਲਾ ਸਾਸਕ ਸੀ।

(ਅ) ਹਰੀਹਰ ਦੂਜੇ ਦੀ ਮੌਤ ਤੋਂ ਪਿੱਛੋਂ ਦੇਵ ਰਾਏ ਪਹਿਲਾ ਵਿਜੈਨਗਰ ਸਾਮਰਾਜ ਦਾ ਸ਼ਾਸਕ ਬਣਿਆ।

(ੲ) ਅਲਾਉਦੀਨ ਬਾਹਮਨ ਸ਼ਾਹ ਬਾਹਮਨੀ ਰਾਜ ਦਾ ਮੋਢੀ ਸੀ।

(ਸ) ਅਲਾਉਦੀਨ ਖਲਜੀ ਬਾਹਮਨੀ ਰਾਜ ਦਾ ਮੋਢੀ ਸੀ।

(vi) ਹੇਠ ਲਿਖੇ ਸੂਫੀ ਸੰਤਾਂ ਵਿੱਚੋਂ ਕਿਹੜਾ ਚਿਸ਼ਤੀ ਸਿਲਸਿਲੇ ਨਾਲ ਸੰਬੰਧਿਤ ਨਹੀਂ ਸੀ? 1

(ੳ) ਖਵਾਜਾ ਮੋਇਨ-ਉ-ਦੀਨ ਚਿਸ਼ਤੀ (ਅ) ਸ਼ੇਖ ਬਹਾਊਦੀਨ ਜਕਰੀਆ

(ੲ) ਸ਼ੇਖ ਫਰੀਦ-ਉ- ਦੀਨ (ਸ) ਸ਼ੇਖ ਨਿਜ਼ਾਮੁਦੀਨ ਔਲੀਆ

(vii) ਕਿਹੜਾ ਗੁਲਾਮ ਵੰਸ਼ ਦਾ ਸ਼ਾਸਕ ਨਹੀਂ ਸੀ


(ੳ) ਬਲਬਨ (ਅ) ਇਲਤੁਤਮਿਸ (ੲ) ਜਲਾਲੁਦੀਨ (ਸ) ਕੁਤਬਦੀਨ ਐਬਕ

(viii) ਹੇਠ ਲਿਖੀਆਂ ਘਟਨਾਵਾਂ ਦਾ ਸਹੀ ਕਾਲਕ੍ਰਮ ਦੱਸੋ:- 1

(i) ਸਥਾਈ ਬੰਦੋਬਸਤ (ii) ਭਾਰਤ ਛੱਡੋ ਅੰਦੋਲਨ (iii) ਕੈਬਨਿਟ ਮਿਸ਼ਨ (iv)ਰੌਲਟ ਐਕਟ (v) ਸਾਈਮਨ ਕਮਿਸ਼ਨ

| | 1 | 2 | 3 | 4 | 5 |
|---|---|---|---|---|---|
| (ੳ) | (i) | (ii) | (iii) | (v) | (iv) |
| (ਅ) | (i) | (iv) | (v) | (ii) | (iii) |
| (ੲ) | (ii) | (iii) | (i) | (iv) | (v) |
| (ਸ) | (iv) | (v) | (iii) | (ii) | (i) |

(ix) ਹੇਠ ਲਿਖਿਆਂ ਵਿੱਚੋਂ ਕਿਹੜਾ ਅੰਕ ਉਸ ਸਥਾਨ ਨੂੰ ਦਰਸਾਉਂਦਾ ਹੈ ਜਿੱਥੇ 13 ਅਪ੍ਰੈਲ 1919 ਨੂੰ ਜਲਿਆਂਵਾਲਾ ਬਾਗ ਹੱਤਿਆ ਕਾਂਡ ਵਾਪਰਿਆ ਸੀ?




(x) ਹੇਠ ਲਿਖੇ ਕਥਨਾ ਤੇ ਵਿਚਾਰ ਕਰੋ ਅਤੇ ਉੱਤਰ ਦਿਓ:-

P: 1877 ਈ ਵਿੱਚ ਭਾਈ ਗੁਰਮੁਖ ਸਿੰਘ ਨੇ ਲਾਹੌਰ ਓਰੀਐਂਟਲ ਕਾਲਜ ਵਿੱਚ ਪੰਜਾਬੀ ਭਾਸ਼ਾ ਸ਼ੁਰੂ ਕਰਵਾਈ।

Q: 1892 ਈਸਵੀ ਵਿੱਚ ਅੰਮ੍ਰਿਤਸਰ ਵਿਖੇ ਖਾਲਸਾ ਕਾਲਜ ਦੀ ਨੀਂਹ ਰੱਖੀ ਗਈ।

R: 1908 ਈਸਵੀ ਵਿੱਚ ਸਿੱਖ ਐਜੂਕੇਸ਼ਨਲ ਕਾਨਫਰੰਸ ਦੀ ਸਥਾਪਨਾ ਹੋਈ।

(ੳ) P ਤੇ Q ਠੀਕ ਹੈ ਜਦੋਂਕਿ R ਗ਼ਲਤ ਹੈ।

(ਅ) P ਤੇ Q ਗ਼ਲਤ ਹਨ ਜਦੋਂਕਿ R ਠੀਕ ਹੈ।

(ੲ) PQR ਸਾਰੇ ਹੀ ਸਹੀ ਹਨ।

(ਸ) PQR ਸਾਰੇ ਹੀ ਗ਼ਲਤ ਹਨ।

**ਪੰਜ ਅੰਕਾਂ ਵਾਲੇ ਪ੍ਰਸ਼ਨ:**

**ਪ੍ਰਸ਼ਨ: ਵੈਦਿਕ ਕਾਲ ਦਾ ਰਾਜਨੀਤਕ ਸੰਗਠਨ ਦੀ ਚਰਚਾ ਕਰੋ।**

ਰਿਗਵੇਦ ਵਿੱਚ ਕਈ ਕਬੀਲਿਆਂ ਜਾਂ ਜਨਾਂ ਦੇ ਨਾਮ ਮਿਲਦੇ ਹਨ। ਇਹਨਾਂ ਕਬੀਲਿਆਂ ਦਾ ਰਾਜਨੀਤਿਕ ਸੰਗਠਨ ਹੇਠ ਲਿਖੇ ਅਨੁਸਾਰ ਸੀ:-

(1) ਹਰੇਕ ਕਬੀਲੇ ਦਾ ਇੱਕ ਮੁਖੀ ਜਾਂ ਸਰਦਾਰ ਹੁੰਦਾ ਸੀ ਉਸਨੂੰ ਰਾਜਨ ਅਥਵਾ ਰਾਜਾ ਕਿਹਾ ਜਾਂਦਾ ਸੀ। ਰਾਜਾ ਨੂੰ ਉਸਦੀ ਵੀਰਤਾ ਅਤੇ ਯੋਗਤਾ ਦੇ ਆਧਾਰ ਤੇ ਚੁਣਿਆ ਜਾਂਦਾ ਸੀ। ਉੱਤਰ ਵੈਦਿਕ ਕਾਲ ਵਿੱਚ ਰਾਜੇ ਦਾ ਪਦ ਜੱਦੀ ਹੋ ਗਿਆ ਸੀ।

(2) ਰਾਜਨ ਦੀ ਮੱਦਦ ਲਈ ਕਈ ਰਾਜ ਅਧਿਕਾਰੀ ਹੁੰਦੇ ਸਨ। ਜਿਨਾਂ ਵਿੱਚ ਪਰੋਹਿਤ, ਸੈਨਾਨੀ,ਗ੍ਰਾਮਣੀ, ਦੂਤ ਆਦਿ ਪ੍ਰਮੁੱਖ ਹੁੰਦੇ ਸਨ।

(3) ਸਭਾ ਅਤੇ ਸਮਿਤੀ ਨਾਂ ਦੀਆਂ ਦੋ ਸੰਸਥਾਵਾਂ ਰਿਗਵੈਦਿਕ ਕਾਲ ਦੀ ਰਾਜ ਵਿਵਸਥਾ ਦੀ ਪ੍ਰਮੁੱਖ ਵਿਸ਼ੇਸ਼ਤਾ ਸਨ। ਸਭਾ ਕਬੀਲੇ ਦੇ ਬਜ਼ੁਰਗਾਂ ਦਾ ਸੰਘ ਸੀ ਜਿਸ ਦੀ ਸਲਾਹ ਨਾਲ ਕਬੀਲੇ ਦਾ ਸਰਦਾਰ ਜਾਂ ਰਾਜਨ ਫੈਸਲੇ ਲੈਂਦਾ ਸੀ। ਜਦੋਂਕਿ ਸਮਿਤੀ ਸਾਰੇ ਕਬੀਲੇ ਦੇ ਲੋਕਾਂ ਦਾ ਸੰਗਠਨ ਸੀ।

(4) ਉੱਤਰ ਵੈਦਿਕ ਕਾਲ ਵਿੱਚ ਰਿਗਵੈਦਿਕ ਕਾਲ ਦੇ ਕਬੀਲਿਆਂ ਦੀ ਥਾਂ ਵੱਡੇ ਰਾਜਾਂ ਦੀ ਸਥਾਪਨਾ ਹੋ ਗਈ ਜਿਨ੍ਹਾਂ ਨੂੰ ਮਹਾਂਜਨਪਦ ਕਿਹਾ ਗਿਆ ਹੈ।

(5) ਉੱਤਰ ਵੈਦਿਕ ਕਾਲ ਵਿੱਚ ਰਾਜਨ ਦੀਆਂ ਸ਼ਕਤੀਆਂ ਵਿੱਚ ਵਾਧਾ ਹੋਣ ਦੇ ਨਾਲ ਨਾਲ ਰਾਜ ਦੇ ਅਧਿਕਾਰੀਆਂ ਦੀ ਗਿਣਤੀ ਵਿੱਚ ਵੀ ਵਾਧਾ ਹੋ ਗਿਆ ਸੀ।

(6) ਵੈਦਿਕ ਕਾਲ ਵਿੱਚ ਰਾਜਾ ਆਪ ਮੁੱਖ ਨਿਆਂਧੀਸ ਹੁੰਦਾ ਸੀ ਜੋ ਪਰੋਹਿਤ ਦੀ ਮੱਦਦ ਨਾਲ ਨਿਆਂ ਦਾ ਪ੍ਰਬੰਧ ਕਰਦਾ ਸੀ। ਮੌਤ ਦੀ ਸਜ਼ਾ ਬਹੁਤ ਘੱਟ ਦਿੱਤੀ ਜਾਂਦੀ ਸੀ। ਅਪਰਾਧੀ ਨੂੰ ਗਊਆਂ ਦੇ ਰੂਪ ਵਿੱਚ ਜੁਰਮਾਨਾ ਦੇਣ ਦੀ ਸਜ਼ਾ ਦਾ ਵੀ ਜੇਕਰ ਮਿਲਦਾ ਹੈ।

**ਪ੍ਰਸ਼ਨ: ਆਰੀਆ ਦੇ ਮੂਲ ਨਿਵਾਸ ਸਬੰਧੀ ਸਿਧਾਂਤ ਦੱਸੋ।**

ਆਰੀਅਨ ਲੋਕ ਬਾਹਰੋਂ ਆਏ ਸਨ। ਜਿਨ੍ਹਾਂ ਜਾਨਵਰਾਂ ਅਤੇ ਪੌਦਿਆਂ ਦੇ ਨਾਂ ਰਿਗਵੇਦ ਵਿੱਚ ਦਿੱਤੇ ਗਏ ਹਨ, ਉਹ ਉਨ੍ਹਾਂ ਦਿਨਾਂ ਵਿੱਚ ਪੰਜਾਬ ਵਿੱਚ ਪਾਏ ਜਾਂਦੇ ਸਨ। ਇਸ ਲਈ ਇਨ੍ਹਾਂ ਇਤਿਹਾਸਕਾਰਾਂ ਅਨੁਸਾਰ ਆਰੀਅਨ ਬਾਹਰੋਂ ਨਹੀਂ ਆਏ ਸਨ, ਸਗੋਂ ਭਾਰਤ ਤੋਂ ਹੀ ਦੂਜੇ ਦੇਸ਼ਾਂ ਵਿਚ ਗਏ ਸਨ।

(1) ਆਰਕਟਿਕ ਖੇਤਰੀ ਸਿਧਾਂਤ :- ਪ੍ਰਸਿੱਧ ਭਾਰਤੀ ਵਿਦਵਾਨ ਬਾਲਗੰਗਾਧਰ ਤਿਲਕ ਨੇ ਰਿਗਵੇਦ ਅਤੇ ਈਰਾਨੀ ਧਾਰਮਿਕ ਪੁਸਤਕ 'ਜ਼ੇਂਦ ਅਵੇਸਤਾ' ਵਿੱਚ ਕੁਝ ਕੁਦਰਤੀ ਨਜ਼ਾਰਿਆਂ ਦੇ ਵਰਣਨ ਦੇ ਆਧਾਰ 'ਤੇ, ਜਿਵੇਂ ਲੰਮੀ ਸ਼ਾਮ, ਛੇ ਮਹੀਨੇ ਦਿਨ-ਰਾਤ ਆਦਿ ਦੇ ਆਧਾਰ 'ਤੇ ਇਹ ਪ੍ਰਭਾਵ ਦਿੱਤਾ ਹੈ ਕਿ ਆਰੀਅਨ ਲੋਕ ਉੱਤਰ ਧਰੁਵ ਖੇਤਰ ਦੇ ਨਿਵਾਸੀ ਸਨ।

(2) ਮੱਧ ਏਸ਼ੀਆ ਦਾ ਸਿਧਾਂਤ - ਜਰਮਨੀ ਦੇ ਇੱਕ ਪ੍ਰਸਿੱਧ ਵਿਦਵਾਨ ਮੈਕਸ ਮੂਲਰ ਦਾ ਵਿਚਾਰ ਸੀ ਕਿ ਆਰੀਅਨ ਮੱਧ ਏਸ਼ੀਆ ਦੇ ਵਾਸੀ ਸਨ। ਉਸਨੇ ਕਈ ਭਾਸ਼ਾਵਾਂ ਦਾ ਅਧਿਐਨ ਕੀਤਾ ਅਤੇ ਇਸ ਨਤੀਜੇ 'ਤੇ ਪਹੁੰਚਿਆ ਕਿ ਦੁਨੀਆ ਦੀਆਂ ਵੱਖ-ਵੱਖ ਭਾਸ਼ਾਵਾਂ ਵਿੱਚ ਰੋਜ਼ਾਨਾ ਵਰਤੇ ਜਾਣ ਵਾਲੇ ਸ਼ਬਦ ਇੱਕ ਦੂਜੇ ਤੋਂ ਬਹੁਤੇ ਵੱਖਰੇ ਨਹੀਂ ਹਨ। ਪ੍ਰੋਫੈਸਰ ਮੈਕਸ ਮੂਲਰ ਦੇ ਅਨੁਸਾਰ, ਇਹਨਾਂ ਸਾਰੇ ਲੋਕਾਂ ਦੇ ਪੂਰਵਜ, ਅਰਥਾਤ ਆਰੀਅਨ ਲੋਕ, ਸ਼ੁਰੂ ਵਿੱਚ ਮੱਧ ਏਸ਼ੀਆ ਵਿੱਚ ਰਹਿੰਦੇ ਸਨ ਅਤੇ ਉਥੋਂ ਉਹ ਦੂਜੇ ਦੇਸ਼ਾਂ ਵਿੱਚ ਫੈਲ ਗਏ ਸਨ।

**ਪ੍ਰਸ਼ਨ: ਮੈਕਸ ਮੂਲਰ ਦੇ ਸਿਧਾਂਤ ਕਿਉਂ ਭਰੋਸੇਯੋਗ ਹੈ?**

ਮੈਕਸ ਮੂਲਰ ਦੇ ਸਿਧਾਂਤ 'ਤੇ ਕਈ ਕਾਰਨਾਂ ਕਰਕੇ ਭਰੋਸਾ ਕੀਤਾ ਜਾ ਸਕਦਾ ਹੈ - (i) ਜ਼ਿਆਦਾਤਰ ਇਤਿਹਾਸਕਾਰ ਮੈਕਸ ਮੂਲਰ ਦੇ ਸਿਧਾਂਤ ਨਾਲ ਸਹਿਮਤ ਹਨ।

(ii) ਏਸ਼ੀਆ ਮਾਈਨਰ ਵਿੱਚ ਮਿਲੇ ਸ਼ਿਲਾਲੇਖ ਦਰਸਾਉਂਦੇ ਹਨ ਕਿ ਇੰਦਰ ਅਤੇ ਵਰੁਣ ਵਰਗੇ ਆਰੀਅਨ ਦੇਵਤਿਆਂ ਦੀ ਸ਼ੁਰੂਆਤ ਉਸ ਦੇਸ਼ ਵਿੱਚ ਕੀਤੀ ਜਾਂਦੀ ਸੀ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਆਰੀਅਨ ਲੋਕ ਮੱਧ ਏਸ਼ੀਆ ਤੋਂ ਭਾਰਤ ਆਏ ਹੋਣਗੇ।

(iii) ਪ੍ਰਾਚੀਨ ਸਮੇਂ ਵਿੱਚ, ਮੱਧ ਏਸ਼ੀਆ ਇੱਕ ਬਹੁਤ ਉਪਜਾਊ ਖੇਤਰ ਸੀ ਜੋ ਖੇਤੀਬਾੜੀ ਅਤੇ ਪਸ਼ੂ ਪਾਲਣ ਲਈ ਆਰੀਅਨਾਂ ਲਈ ਬਹੁਤ ਢੁਕਵਾਂ ਸਥਾਨ ਸੀ।

(iv) ਉਹ ਸਾਰੇ ਜਾਨਵਰ ਅਤੇ ਉਪਜ ਜਿਨ੍ਹਾਂ ਦੇ ਨਾਂ ਆਰੀਆ ਲੋਕਾਂ ਦੀਆਂ ਪ੍ਰਾਚੀਨ ਕਿਤਾਬਾਂ ਵਿਚ ਆਉਂਦੇ ਹਨ, ਪੁਰਾਣੇ ਸਮੇਂ ਵਿਚ ਮੱਧ ਏਸ਼ੀਆ ਵਿਚ ਪਾਏ ਗਏ ਸਨ।

(v) ਮੱਧ ਏਸ਼ੀਆ ਹੀ ਅਜਿਹਾ ਖੇਤਰ ਹੈ ਜੋ ਯੂਰਪ ਅਤੇ ਭਾਰਤ ਤੋਂ ਲਗਭਗ ਬਰਾਬਰ ਦੂਰੀ 'ਤੇ ਹੈ। ਇਸ ਲਈ ਹੋ ਸਕਦਾ ਹੈ ਕਿ ਕੁਝ ਆਰੀਅਨ ਭਾਰਤ ਵੱਲ ਪੂਰਬ ਵੱਲ ਚਲੇ ਗਏ ਹੋਣ ਅਤੇ ਕੁਝ ਪੱਛਮ ਵੱਲ ਯੂਰਪ ਵੱਲ ਚਲੇ ਗਏ ਹੋਣ।

**ਪ੍ਰਸ਼ਨ: ਰਿਗਵੈਦਿਕ ਕਾਲ ਦਾ ਸਮਾਜਕ ਜੀਵਨ ਦਾ ਵਰਨਣ ਕਰੋ।**

ਰਿਗਵੈਦਿਕ ਕਾਲ ਵਿੱਚ ਲੋਕਾਂ ਦਾ ਸਮਾਜਿਕ ਜੀਵਨ ਹੇਠ ਲਿਖੇ ਅਨੁਸਾਰ ਸੀ:-

1. ਰਿਗਵੈਦਿਕ ਕਾਲ ਦੇ ਲੋਕਾਂ ਦਾ ਸਮਾਜਿਕ ਜੀਵਨ ਬਹੁਤ ਸਾਦਾ ਸੀ। ਉਹ ਪਿੰਡਾਂ ਵਿੱਚ ਰਹਿ ਕੇ ਸੁਖੀ ਜੀਵਨ ਬਤੀਤ ਕਰਦੇ ਸਨ।

2. ਪਰਿਵਾਰ ਪਿਤਾ ਪੁਰਖੀ ਸੀ। ਹਰ ਪਰਿਵਾਰ ਦਾ ਮੁਖੀ ਇਸ ਦਾ ਸਭ ਤੋਂ ਵੱਡਾ ਪੁਰਸ਼ ਹੁੰਦਾ ਸੀ,ਜਿਸ ਨੂੰ 'ਗ੍ਰਹਿਪਤੀ' ਕਿਹਾ ਜਾਂਦਾ ਸੀ, ਬਾਕੀ ਸਾਰੇ ਉਸ ਦਾ ਕਹਿਣਾ ਮੰਨਦੇ ਸਨ।

3. ਰਿਗਵੈਦਿਕ ਕਾਲ ਵਿੱਚ ਔਰਤਾਂ ਦਾ ਬਹੁਤ ਸਤਿਕਾਰ ਸੀ। ਉਸ ਤੋਂ ਬਿਨਾਂ ਕੋਈ ਵੀ ਕੰਮ ਸਫਲ ਨਹੀਂ ਮੰਨਿਆ ਜਾਂਦਾ ਸੀ। ਉਨ੍ਹਾਂ ਵਿੱਚ ਪਰਦੇ ਦੀ ਕੋਈ ਪ੍ਰਥਾ ਨਹੀਂ ਸੀ। ਔਰਤਾਂ ਸਾਰੇ ਧਾਰਮਿਕ ਸਮਾਗਮਾਂ ਅਤੇ ਤਿਉਹਾਰਾਂ ਵਿੱਚ ਖੁੱਲ੍ਹ ਕੇ ਹਿੱਸਾ ਲੈਂਦੀਆਂ ਸਨ। ਉਹ ਪੁਰਸ਼ਾਂ ਦੇ ਬਰਾਬਰ ਸਿੱਖਿਆ ਪ੍ਰਾਪਤ ਕਰਦੀਆਂ ਸਨ। ਰਾਜੇ ਅਤੇ ਅਮੀਰ ਸਰਦਾਰਾਂ ਨੂੰ ਛੱਡ ਕੇ ਹਰ ਕੋਈ ਇੱਕ-ਵਿਆਹ ਹੀ ਕਰਵਾਉਂਦਾ ਸੀ। ਲੜਕੇ ਅਤੇ ਲੜਕੀ ਨੂੰ ਆਪਣਾ ਜੀਵਨ ਸਾਥੀ ਚੁਣਨ ਦਾ ਪੂਰਾ ਅਧਿਕਾਰ ਸੀ।

4. ਰਿਗਵੈਦਿਕ ਕਾਲ ਦੇ ਲੋਕਾਂ ਦਾ ਭੋਜਨ ਸਾਦਾ ਹੁੰਦਾ ਸੀ। ਉਹ ਮੋਟਾ ਅਨਾਜ਼, ਸਬਜ਼ੀਆਂ, ਫਲ, ਦੁੱਧ ਅਤੇ ਉਨ੍ਹਾਂ ਦੇ ਉਤਪਾਦਾਂ ਦੀ ਵਰਤੋਂ ਕਰਦੇ ਸਨ।

5.ਰਿਗਵੈਦਿਕ ਕਾਲ ਦੇ ਲੋਕਾਂ ਦਾ ਪਹਿਰਾਵਾ ਵੀ ਸਾਦਾ ਹੁੰਦਾ ਸੀ। ਉਹ ਉੱਨੀ ਅਤੇ ਸੂਤੀ ਕੱਪੜੇ ਪਹਿਨਦੇ ਸਨ।

6.ਇਸ ਕਾਲ ਦੇ ਪੁਰਸ਼ ਤੇ ਇਸਤਰੀਆਂ ਗਹਿਣੇ ਪਹਿਨਦੇ ਸਨ ਜੋ ਸੋਨੇ,ਚਾਂਦੀ ਤੇ ਪੱਥਰ ਦੇ ਬਣੇ ਹੁੰਦੇ ਸਨ।

7. ਰਿਗਵੈਦਿਕ ਕਾਲ ਵਿੱਚ ਸ਼ਿਕਾਰ, ਰਥ ਦੌੜ, ਨਾਚ-ਗਾਇਨ, ਕੁਸ਼ਤੀਆਂ, ਪਸ਼ੂਆਂ ਤੇ ਪੰਛੀਆਂ ਦੀ ਲੜਾਈ ਜੂਆ ਆਦਿ ਮਨੋਰੰਜਨ ਦੇ ਮੁੱਖ ਸਾਧਨ ਸਨ।

8. ਰਿਗਵੈਦਿਕ ਕਾਲ ਵਿੱਚ ਜਾਤ-ਪਾਤ ਨਹੀਂ ਸੀ।

**ਪ੍ਰਸ਼ਨ: ਰਿਗਵੈਦਿਕ ਕਾਲ ਦਾ ਆਰਥਿਕ ਜੀਵਨ ਦਾ ਵਰਨਣ ਕਰੋ।**

1. ਜਦੋਂ ਆਰੀਆ ਲੋਕ ਭਾਰਤ ਵਿੱਚ ਆਏ ਤਾਂ ਉਹ ਚਰਵਾਹਿਆਂ ਦੀ ਜਾਤੀ ਸੀ ਅਤੇ ਕਾਫ਼ੀ ਸਮੇਂ ਤੱਕ ਪਸ਼ੂ-ਪਾਲਣ ਹੀ ਉਨ੍ਹਾਂ ਦਾ ਮੁੱਖ ਧੰਦਾ ਰਿਹਾ। ਗਾਂ ,ਘੋੜੇ, ਬੈਲ, ਭੇਡਾਂ, ਬੱਕਰੀਆਂ, ਕੁੱਤੇ ਆਦਿ ਪਸ਼ੂਆਂ ਦਾ ਪਾਲਣ ਕੀਤਾ ਜਾਂਦਾ ਸੀ। ਵੈਦਿਕ ਕਾਲ ਦੇ ਲੋਕ ਗਾਂ ਨੂੰ ਪਵਿੱਤਰ ਤੇ ਪੂਜਣ ਯੋਗ ਮੰਨਦੇ ਸਨ।

2. ਜਦੋਂ ਆਰੀਆ ਲੋਕਾਂ ਨੇ ਇੱਕ ਥਾਂ ਰਹਿਣਾ ਸ਼ੁਰੂ ਕਰ ਦਿੱਤਾ ਤਾਂ ਉਨ੍ਹਾਂ ਨੇ ਖੇਤੀਬਾੜੀ ਦਾ ਪੇਸ਼ਾ ਅਪਣਾ ਲਿਆ ਜੋ ਉਨ੍ਹਾਂ ਦਾ ਮੁੱਖ ਪੇਸ਼ਾ ਬਣ ਗਿਆ। ਜੌਂ, ਕਣਕ, ਚਾਵਲ, ਤਿਲ ਬਾਜਰਾ,ਜਵਾਰ, ਸਰੋਂ ਆਦਿ ਮੁੱਖ ਫ਼ਸਲਾਂ ਹੁੰਦੀਆਂ ਸਨ।

3. ਵੈਦਿਕ ਕਾਲ ਵਿੱਚ ਵਪਾਰ ਵਸਤੂ ਵਟਾਂਦਰਾ ਪ੍ਰਣਾਲੀ ਅਧਾਰਿਤ ਸੀ। ਖੇਤੀ ਉਤਪਾਦਨ ਵਿੱਚ ਵਾਧਾ ਹੋਣ ਕਰਕੇ ਅਤੇ ਮੁਦਰਾ ਦੇ ਵਿਕਾਸ ਕਾਰਨ ਉੱਤਰ ਵੈਦਿਕ ਕਾਲ ਵਿੱਚ ਵਪਾਰ ਵਿੱਚ ਕਾਫ਼ੀ ਵਾਧਾ ਹੋਇਆ।

4. ਆਰੀਆ ਲੋਕਾਂ ਦੇ ਇੱਕ ਥਾਂ ਵਸ ਜਾਣ ਦੇ ਫਲਸਰੂਪ ਕਈ ਉਦਯੋਗ ਧੰਦਿਆਂ ਦਾ ਵਿਕਾਸ ਹੋਇਆ। ਕੱਪੜਾ , ਰਥ ,ਸੱਕਰ, ਮਿੱਟੀ ਦੇ ਬਰਤਨ,ਧਾਤੂ ਆਦਿ ਸਬੰਧੀ ਉਦਯੋਗ ਦਾ ਅਰੰਭ ਤੇ ਵਿਕਾਸ ਹੋਇਆ। ਉੱਤਰ ਵੈਦਿਕ ਕਾਲ ਵਿੱਚ ਹੋਰ ਉਦਯੋਗਿਕ ਧੰਦਿਆਂ ਦਾ ਤੇਜ਼ੀ ਨਾਲ ਵਿਕਾਸ ਹੋਇਆ।

5.ਉਦਯੋਗ ਤੇ ਵਪਾਰ ਦੇ ਵਿਕਾਸ ਦੇ ਸਿੱਟੇ ਵਜੋਂ ਭਾਰਤ ਵਿੱਚ ਨਗਰੀਕਰਣ ਸ਼ੁਰੂ ਹੋਇਆ ਅਰਥਾਤ ਛੋਟੇ ਪਿੰਡਾਂ ਜਾਂ ਕਸਬਿਆਂ ਦੀ ਥਾਂ ਵੱਡੇ ਨਗਰਾਂ ਦਾ ਉਥਾਨ ਹੋਇਆ।

6. ਰਿਗਵੈਦਿਕ ਕਾਲ ਵਿੱਚ ਆਰੀਆ ਕੇਵਲ ਸੋਨਾ, ਤਾਂਬਾ, ਚਾਂਦੀ,ਕਾਂਸੀ ਆਦਿ ਧਾਤੂਆਂ ਦੀ ਜਾਣਕਾਰੀ ਸੀ ਜਦੋਂਕਿ ਉੱਤਰ ਵੈਦਿਕ ਕਾਲ ਵਿੱਚ ਲੋਹਾ,ਸਿੱਕਾ, ਸ਼ੀਸ਼ਾ ਆਦਿ ਦੀ ਵਰਤੋਂ ਵੀ ਸ਼ੁਰੂ ਹੋ ਗਈ ਸੀ।

**ਪ੍ਰਸ਼ਨ: ਵੈਦਿਕ ਕਾਲ ਦੇ ਪ੍ਰਮੁੱਖ ਦੇਵਤਿਆਂ ਦੀ ਜਾਣਕਾਰੀ ਦਿਓ।**

(1) ਇੰਦਰ:- ਰਿਗਵੈਦਿਕ ਕਾਲ ਵਿੱਚ ਇੰਦਰ ਨੂੰ ਯੁੱਧ ਦਾ ਦੇਵਤਾ ਮੰਨਿਆ ਜਾਂਦਾ ਸੀ ।ਵਰੁਣ ਦੇ ਪਿੱਛੋਂ ਸਭ ਤੋਂ ਮਹੱਤਵਪੂਰਣ ਦੇਵਤਾ ਇੰਦਰ ਸੀ। ਰਿਗਵੇਦ ਦੇ ਕੁੱਲ ਮੰਤਰਾਂ ਦਾ ਚੌਥਾ ਹਿੱਸਾ ਉਸਦੀ ਉਸਤਤ ਵਿੱਚ ਹੈ।ਉਹ ਵਰਖਾ ਦਾ ਦੇਵਤਾ ਮੰਨਿਆ ਜਾਣ ਲੱਗ ਪਿਆ ਸੀ। ਇੰਦਰ ਜੀ ਇੱਕ ਮੂਰਤੀ ਦੀ ਕੀਮਤ ਕਈ ਗਾਂਵਾਂ ਦੇ ਬਰਾਬਰ ਸੀ।

(2) ਵਰੁਣ :- ਰਿਗਵੈਦਿਕ ਕਾਲ ਵਿੱਚ ਵਰੁਣ ਆਰੀਆਂ ਦਾ ਸਭ ਤੋਂ ਮਹਾਨ ਦੇਵਤਾ ਮੰਨਿਆ ਜਾਂਦਾ ਸੀ । ਉਹ ਆਕਾਸ਼ ਦੇਵਤਾ ਸੀ ਅਤੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਸ ਨੂੰ ਸਾਰੇ ਸੰਸਾਰ ਵਿਚ ਹੋਣ ਵਾਲੀਆਂ ਸਾਰੀਆਂ ਘਟਨਾਵਾਂ ਦਾ ਪੂਰਨ ਗਿਆਨ ਹੈ। ਰਿਗਵੈਦਿਕ ਆਰੀਆ ਇਹ ਵਿਸ਼ਵਾਸ ਕਰਦੇ ਸਨ ਕਿ ਵਰੁਣ ਸਾਰੇ ਸੰਸਾਰ ਦੀ ਨਿਗਰਾਨੀ ਕਰਦਾ ਹੈ। ਉੱਤਰ ਵੈਦਿਕ ਕਾਲ ਵਿੱਚ ਵਰੁਣ ਦਾ ਮਹੱਤਵ ਨਹੀਂ ਰਿਹਾ ਸੀ।

(3) ਊਸ਼ਾ :- ਰਿਗਵੈਦਿਕ ਆਰੀਆ ਦੀ ਦੇਵਤਿਆਂ ਦੇ ਨਾਲ ਨਾਲ ਦੇਵੀਆਂ ਵਿੱਚ ਵੀ ਵਿਸ਼ਵਾਸ ਕਰਦੇ ਸਨ। ਊਸ਼ਾ ਜਾਂ ਪ੍ਰਭਾਤ ਦੀ ਦੇਵੀ ਵੀ ਆਰੀਆਂ ਵਿੱਚ ਬਹੁਤ ਹਰਮਨ-ਪਿਆਰੀ ਸੀ। ਉਸ ਨੂੰ ਰਿਗਵੇਦ ਦੇ ਸ਼ਲੋਕਾਂ ਵਿੱਚ 'ਇੱਕ ਸੁੰਦਰ ਮੁਟਿਆਰ' ਦੱਸਿਆ ਗਿਆ ਹੈ। ਉਸ ਨੂੰ ਸੂਰਜ ਦੀ ਪਤਨੀ ਦੱਸਿਆ ਗਿਆ ਹੈ।

(4) ਸੂਰਜ :- ਸੂਰਜ ਦੇਵਤਾ ਆਰੀਆਂ ਦੇ ਮੁੱਖ ਦੇਵਤਿਆਂ ਵਿੱਚੋਂ ਇੱਕ ਸੀ। ਉਸ ਦੇ ਸੰਬੰਧ ਵਿੱਚ ਕਿਹਾ ਗਿਆ ਹੈ ਕਿ ਉਹ ਸੱਤ ਘੋੜਿਆਂ ਉੱਤੇ ਸਵਾਰ ਹੋ ਕੇ ਪ੍ਰਤੀ ਦਿਨ ਆਕਾਸ਼ ਦਾ ਚੱਕਰ ਲਗਾਉਂਦਾ ਹੈ ਅਤੇ ਮਨੁੱਖਾਂ ਤੇ ਪਸ਼ੂਆਂ ਦੀ ਯਾਤਰਾ ਵਿੱਚ ਉਨ੍ਹਾਂ ਨੂੰ

ਰਸਤਾ ਦਿਖਾਉਂਦਾ ਹੈ। ਉੱਤਰ ਵੈਦਿਕ ਕਾਲ ਵਿੱਚ ਸੂਰਜ ਆਰੀਆ ਦਾ ਪ੍ਰਮੁੱਖ ਦੇਵਤਿਆਂ ਵਿੱਚ ਨਾ ਰਿਹਾ ਪ੍ਰੰਤੂ ਉਸਦਾ ਮਹੱਤਵ ਫਿਰ ਵੀ ਬਣਿਆ ਰਿਹਾ।

(5) ਰੁਦਰ :- ਰੁਦਰ ਹਨੇਰੀ ਜਾਂ ਤੂਫ਼ਾਨ ਦਾ ਦੇਵਤਾ ਸੀ, ਜੋ ਕਿ ਇੱਕ ਭਿਆਨਕ ਦੇਵਤਾ ਸਮਝਿਆ ਜਾਂਦਾ ਸੀ।ਇਸਦੀ ਕਰੋਪੀ ਤੋਂ ਬਚਣ ਲਈ ਆਰੀਆ ਲੋਕ ਇਸਨੂੰ ਪ੍ਰਸੰਨ ਕਰਨ ਲਈ ਹਵਨ ਕਰਦੇ ਸਨ ਅਤੇ ਮੰਤਰਾਂ ਦਾ ਉਚਾਰਣ ਕਰਦੇ ਸਨ। ਅਜਿਹਾ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਰੂਦਰ ਨੂੰ ਖੁਸ਼ ਕਰਕੇ ਹੋਣ ਵਾਲੇ ਵਿਨਾਸ਼ ਤੋਂ ਬਚਿਆ ਜਾ ਸਕਦਾ ਹੈ। ਰਿਗਵੇਦ ਵਿੱਚ ਰੂਦਰ ਦੇ ਸੰਬੰਧ ਵਿੱਚ ਵੀ ਕੁਝ ਸ਼ਲੋਕ ਮਿਲਦੇ ਹਨ।

(6) ਅਗਨੀ : ਅਗਨੀ ਆਰੀਆ ਲੋਕਾਂ ਦਾ ਮਹੱਤਵਪੂਰਨ ਦੇਵਤਾ ਸੀ । ਵਰੁਣ ਤੇ ਇੰਦਰ ਵਾਂਗ ਲੋਕ ਇਸਦੀ ਵੀ ਪੂਜਾ ਕਰਦੇ ਸਨ ਅਤੇ ਉਸ ਦਾ ਬਹੁਤ ਸਤਿਕਾਰ ਕਰਦੇ ਸਨ। ਅਗਨੀ ਦੇ ਸਾਹਮਣੇ ਹੀ ਸਾਰੀਆਂ ਮਹੱਤਵਪੂਰਨ ਰਸਮਾਂ ਕਰਦੇ ਸਨ। ਅਗਨੀ ਨੂੰ ਮਨੁੱਖ ਤੇ ਦੇਵਤਿਆਂ ਦੇ ਵਿਚਕਾਰ ਕੜੀ ਦੇ ਰੂਪ ਵਿੱਚ ਵੇਖਿਆ ਜਾਂਦਾ ਸੀ ਕਿਉਂਕਿ ਲੋਕ ਅਗਨੀ ਰਾਹੀਂ ਹੀ ਸਾਰੀਆਂ ਵਸਤਾਂ ਦੂਜੇ ਦੇਵਤਿਆਂ ਤੱਕ ਪਹੁੰਚਾਉਂਦੇ ਸਨ।

**ਪ੍ਰਸ਼ਨ. ਮੁਹੰਮਦ ਬਿਨ ਤੁਗ਼ਲਕ ਦੇ ਪ੍ਰਸ਼ਾਸਨਿਕ ਤਜਰਬਿਆਂ ਦਾ ਵਰਨਣ ਕਰੋ।**

ਉੱਤਰ :- ਮੁਹੰਮਦ ਬਿਨ ਤੁਗ਼ਲਕ ਦਾ ਨਾਂ ਭਾਰਤੀ ਇਤਿਹਾਸ ਵਿਚ ਆਪਣੀਆਂ ਨਵੀਆਂ ਯੋਜਨਾਵਾਂ ਲਈ ਪ੍ਰਸਿੱਧ ਹੈ । ਉਹ ਬਹੁਤ ਪੜ੍ਹਿਆ-ਲਿਖਿਆ ਸੀ, ਪਰ ਤਜਰਬੇ ਦੀ ਘਾਟ ਹੋਣ ਕਾਰਨ ਉਸ ਦੀਆਂ ਸਾਰੀਆਂ ਰਚਨਾਵਾਂ ਅਸਫਲ ਰਹੀਆਂ।ਜੋ ਹੇਠ ਲਿਖੇ ਅਨੁਸਾਰ ਹਨ:-'

1. ਰਾਜਧਾਨੀ ਦਾ ਬਦਲਣਾ 1327-29 ਈ. :ਮੁਹੰਮਦ ਤੁਗਲਕ ਨੇ ਕਿਸੇ ਅਜਿਹੀ ਥਾਂ ਨੂੰ ਰਾਜਧਾਨੀ ਬਣਾਉਣ ਦਾ ਫੈਸਲਾ ਕੀਤਾ ਜਿਹੜੀ ਕੇਂਦਰ ਵਿੱਚ ਸਥਿਤ ਹੋਵੇ । ਉਸ ਨੇ ਦਿੱਲੀ ਦੀ ਥਾਂ ਦੇਵਗਿਰੀ ਨੂੰ ਆਪਣੀ ਰਾਜਧਾਨੀ ਬਣਾ ਲਿਆ ਤੇ ਇਸਦਾ ਨਾਂ ਦੌਲਤਾਵਾਦ ਰੱਖਿਆ। ਉਸ ਦੀ ਇਹ ਯੋਜਨਾ ਅਸਫਲ ਰਹੀ ਤੇ ਲੋਕਾਂ ਨੂੰ ਕਸ਼ਟ ਉਠਾਉਣੇ ਪਏ।

2. ਸੰਕੇਤਕ ਮੁਦਰਾ ਜਾਰੀ ਕਰਨਾ:- ਮੁਹੰਮਦ ਤੁਗਲਕ ਨੇ ਚਾਂਦੀ ਅਤੇ ਸੋਨੇ ਦੇ ਸਿੱਕਿਆਂ ਦੀ ਥਾਂ ਸੰਕੇਤਕ ਮੁਦਰਾ ਜਾਰੀ ਕੀਤੀ ਪ੍ਰੰਤੂ ਲੋਕਾਂ ਨੇ ਜਾਅਲੀ ਸਿੱਕੇ ਬਣਾਉਣੇ ਸ਼ੁਰੂ ਕਰ ਦਿੱਤੇ। ਉਸਦੀ ਇਹ ਯੋਜਨਾ ਵੀ ਅਸਫਲ ਰਹੀ ਅਤੇ ਰਾਜ ਨੂੰ ਭਾਰੀ ਵਿੱਤੀ ਨੁਕਸਾਨ ਹੋਇਆ।

3. ਦੋਆਬ ਵਿੱਚ ਟੈਕਸ ਵਾਧਾ:- ਮੁਹੰਮਦ ਤੁਗਲਕ ਨੇ ਆਪਣੀਆਂ ਨਵੀਆਂ ਯੋਜਨਾਵਾਂ ਕਾਰਨ ਹੋਏ ਨੁਕਸਾਨ ਦੀ ਪੂਰਤੀ ਲਈ ਦੁਆਬ ਵਿੱਚ ਟੈਕਸ ਵਧਾ ਦਿੱਤਾ। ਇਸ ਨਾਲ ਦੁਆਬ ਵਿੱਚ ਲੋਕਾਂ ਨੇ ਵਿਦਰੋਹ ਕਰ ਦਿੱਤਾ।

4. ਖੁਰਾਸਾਨ ਜਿੱਤ ਦੀ ਯੋਜਨਾ:- ਮੁਹੰਮਦ ਤੁਗਲਕ ਨੇ ਖੁਰਾਸਾਨ ਨੂੰ ਜਿੱਤਣ ਲਈ ਇੱਕ ਵਿਸ਼ਾਲ ਸੈਨਾ ਤਿਆਰ ਕੀਤੀ ।ਲਗਾਤਾਰ ਇੱਕ ਸਾਲ ਤੱਕ ਸੈਨਿਕਾਂ ਨੂੰ ਤਨਖਾਹ ਦਿੱਤੀ ਗਈ । ਪ੍ਰੰਤੂ ਬਾਅਦ ਵਿੱਚ ਇਹ ਅਭਿਆਨ ਵਿਚਕਾਰੇ ਹੀ ਛੱਡ ਦਿੱਤਾ।

ਇਸ ਤਰ੍ਹਾਂ ਮੁਹੰਮਦ ਤੁਗਲਕ ਦੀਆਂ ਯੋਜਨਾਵਾਂ ਭਾਵੇਂ ਲੋਕਾਂ ਦੀ ਭਲਾਈ ਲਈ ਸਨ ਪ੍ਰੰਤੂ ਇਹਨਾਂ ਨੂੰ ਸਹੀ ਢੰਗ ਨਾਲ ਲਾਗੂ ਨਾ ਕਰਨ ਕਰਕੇ ਇਹ ਅਸਫਲ ਹੋਈਆਂ।

**ਪ੍ਰਸ਼ਨ . ਫਿਰੋਜ ਤੁਗਲਕ ਦੇ ਸੁਧਾਰਾਂ ਦੀ ਚਰਚਾ ਕਰੋ।**

ਉੱਤਰ:- ਸੁਲਤਾਨ ਬਣਨ ਤੋਂ ਬਾਅਦ ਫਿਰੋਜ ਸ਼ਾਹ ਤੁਗਲਕ ਦੁਆਰਾ ਕੀਤੇ ਗਏ ਸੁਧਾਰ ਹੇਠ ਲਿਖੇ ਹਨ:-

1. ਰੋਜ ਤੁਗਲਕ ਨੇ ਚਾਰ ਕਰਾਂ ਜਜ਼ਆ, ਜਕਾਤ, ਖਮਸ ਅਤੇ ਖਿਰਾਜ ਨੂੰ ਛੱਡ ਕੇ ਬਾਕੀ ਸਾਰੇ ਟੈਕਸ ਸਮਾਪਤ ਕਰ ਦਿੱਤੇ।

2. ਉਸ ਨੇ ਸਿੰਚਾਈ ਦੇ ਸਾਧਨਾ ਦਾ ਵਿਕਾਸ ਕਰਨ ਲਈ ਰਾਜ ਵਿੱਚ ਅਨੇਕਾਂ ਨਹਿਰਾਂ ਖੁਦਵਾਈਆਂ।

3. ਫਿਰੋਜ਼ ਤੁਗਲਕ ਨੇ ਲੋਕਾਂ ਦੀ ਭਲਾਈ ਲਈ ਦੀਵਾਨ -ਏ -ਖੈਰਾਤ ਵਿਭਾਗ ਦੀ ਸਥਾਪਨਾ ਕੀਤੀ।

4. ਫਿਰੋਜ ਤੁਗਲਕ ਨੇ ਗਰੀਬ ਰੋਗੀਆਂ ਦੀ ਮੁਫਤ ਦੇਖ ਭਾਲ ਲਈ ਦਾਰ- ਉਲ -ਸਫਾ ਨਾਮ ਦੇ ਹਸਪਤਾਲ ਦੀ ਸਥਾਪਨਾ ਕੀਤੀ।

5. ਫਿਰੋਜ ਤੁਗਲਕ ਨੇ ਸਿੱਖਿਆ ਅਤੇ ਸਾਹਿਤ ਦੀ ਉੱਨਤੀ ਲਈ ਰਾਜ ਵਿੱਚ ਬਹੁਤ ਸਾਰੇ ਮੱਦਰਸੇ ਖੁਲਵਾਏ ਅਤੇ ਵਿਦਵਾਨਾਂ ਨੂੰ ਖੁੱਲ ਦਿਲੀ ਨਾਲ ਸਰਪ੍ਰਸਤੀ ਦਿੱਤੀ।

6. ਉਸ ਨੇ ਗੁਲਾਮਾਂ ਦੀ ਭਲਾਈ ਲਈ ਇੱਕ ਵੱਖਰਾ ਵਿਭਾਗ ਸਥਾਪਿਤ ਕੀਤਾ।

**ਪ੍ਰਸ਼ਨ. ਮੁਗਲ ਸਾਮਰਾਜ ਦੀ ਸਥਾਪਨਾ ਤੇ ਨੋਟ ਲਿਖੋ।**

ਉੱਤਰ:- 1526 ਈ. ਵਿੱਚ ਬਾਬਰ ਨੇ ਪਾਣੀਪਤ ਦੀ ਪਹਿਲੀ ਲੜਾਈ ਵਿੱਚ ਇਬਰਾਹੀਮ ਲੋਧੀ ਨੂੰ ਹਰਾ ਕੇ ਭਾਰਤ ਵਿੱਚ ਮੁਗਲ ਸਾਮਰਾਜ ਦੀ ਸਥਾਪਨਾ ਕੀਤੀ। ਬਾਬਰ ਨੇ 1530 ਈ: ਤੱਕ ਸ਼ਾਸਨ ਕੀਤਾ। ਉਸਦੀ ਮੌਤ ਤੋਂ ਬਾਅਦ ਉਸਦਾ ਪੁੱਤਰ ਹਮਾਂਯੂੰ ਮੁਗਲ ਬਾਦਸ਼ਾਹ ਬਣਿਆ। ਉਸਨੂੰ ਛੇਤੀ ਹੀ 1540 ਈ: ਵਿੱਚ ਸ਼ੇਰ ਸ਼ਾਹ ਸੂਰੀ ਨੇ ਭਾਰਤ ਵਿੱਚੋਂ ਕੱਢ ਦਿੱਤਾ। ਲੇਕਿਨ 1555 ਈ: ਵਿੱਚ ਹਮਾਂਯੂੰ ਫਿਰ ਤੋਂ ਸੱਤਾ 'ਤੇ ਕਾਬਜ਼ ਹੋ ਗਿਆ। ਹਮਾਂਯੂੰ ਤੋਂ ਬਾਅਦ ਉਸਦੇ ਪੁੱਤਰ ਅਕਬਰ ਨੇ ਮੁਗਲ ਰਾਜ ਦਾ ਪ੍ਰਬੰਧ ਸੰਭਾਲਿਆ।ਉਸਨੇ ਨਾ ਕੇਵਲ ਮੁਗ਼ਲ ਸਾਮਰਾਜ ਦਾ ਵਿਸਥਾਰ ਹੀ ਕੀਤਾ, ਸਗੋਂ ਇਸ ਨੂੰ ਚੰਗੀ ਤਰ੍ਹਾਂ ਸੰਗਠਿਤ ਵੀ ਕੀਤਾ। ਅਕਬਰ ਦਾ ਉੱਤਰਾਧਿਕਾਰੀ ਜਹਾਂਗੀਰ ਬਣਿਆ। ਜਹਾਂਗੀਰ ਤੋਂ ਬਾਅਦ ਉਸਦਾ ਪੁੱਤਰ ਸ਼ਾਹਜਹਾਂ ਮੁਗਲ ਬਾਦਸ਼ਾਹ ਬਣਿਆ। ਸ਼ਾਹਜਹਾਂ ਦੇ ਉਤਰਾਧਿਕਾਰੀ ਔਰੰਗਜ਼ੇਬ ਦੇ ਸਮੇਂ ਮਹਾਨ ਮੁਗਲ ਸਾਮਰਾਜ ਦਾ ਪਤਨ ਸ਼ੁਰੂ ਹੋ ਗਿਆ। ਔਰੰਗਜ਼ੇਬ ਦੇ ਸ਼ਾਸਨ ਕਾਲ ਵਿੱਚ ਮੁਗ਼ਲ ਸਾਮਰਾਜ ਦੀਆ ਹੱਦਾਂ ਕਾਫ਼ੀ ਦੂਰ-ਦੂਰ ਤੱਕ ਫੈਲ ਗਈਆਂ ਸਨ ਪਰ ਉਸ ਦੀਆਂ ਗਲਤ ਨੀਤੀਆਂ ਸਦਕਾ ਮੁਗ਼ਲ ਸਾਮਰਾਜ ਦੀਆਂ ਨੀਹਾਂ ਹਿਲਣੀਆਂ ਸ਼ੁਰੂ ਹੋ ਗਈਆ ਸਨ। ਔਰੰਗਜ਼ੇਬ ਤੋਂ ਬਾਅਦ ਇਹ ਸਾਮਰਾਜ ਤੇਜੀ ਨਾਲ ਪਤਨ ਵੱਲ ਵਧਿਆ।

**ਪ੍ਰਸ਼ਨ. ਪਾਣੀਪਤ ਦੀ ਪਹਿਲੀ ਲੜਾਈ ਦੇ ਕੀ ਸਿੱਟੇ ਨਿਕਲੇ।**

ਉੱਤਰ:- (i) ਲੋਧੀ ਵੰਸ਼ ਦਾ ਅੰਤ :- ਪਾਣੀਪਤ ਦੀ ਲੜਾਈ ਇੱਕ ਫੈਸਲਾਕੁੰਨ ਲੜਾਈ ਸੀ। ਇਸ ਵਿੱਚ ਲੋਧੀ ਵੰਸ਼ ਦਾ ਅੰਤਿਮ ਸੁਲਤਾਨ ਇਬਰਾਹੀਮ ਲੋਧੀ ਮਾਰਿਆ ਗਿਆ। ਇਸ ਤਰ੍ਹਾਂ ਭਾਰਤ ਵਿੱਚ ਲੋਧੀ ਵੰਸ਼ ਦਾ ਅੰਤ ਹੋ ਗਿਆ।

(ii) ਪਾਣੀਪਤ ਦੀ ਪਹਿਲੀ ਲੜਾਈ ਵਿੱਚ ਜਿੱਤ ਕਾਰਨ ਭਾਰਤ ਵਿੱਚ ਮੁਗ਼ਲ ਸਾਮਰਾਜ ਦੀ ਸਥਾਪਨਾ ਹੋਈ।

(iii) ਪਾਣੀਪਤ ਦੀ ਪਹਿਲੀ ਲੜਾਈ ਵਿੱਚ ਜਿੱਤ ਕਾਰਣ ਬਾਬਰ ਅਤੇ ਉਸ ਦੀਆਂ ਫ਼ੌਜਾਂ ਦਾ ਉਤਸ਼ਾਹ ਬਹੁਤ ਵਧ ਗਿਆ। ਹੁਣ ਇਨ੍ਹਾਂ ਨੇ ਭਾਰਤ ਦੇ ਹੋਰਨਾਂ ਹਿੱਸਿਆਂ ਨੂੰ ਆਪਣੇ ਅਧੀਨ ਕਰਨ ਦਾ ਫ਼ੈਸਲਾ ਕੀਤਾ।

(iv) ਬਾਬਰ ਤੋਂ ਪਹਿਲਾਂ ਭਾਰਤ ਵਿੱਚ ਤੋਪਖ਼ਾਨੇ ਦੀ ਵਰਤੋਂ ਨਹੀਂ ਕੀਤੀ ਜਾਂਦੀ ਸੀ। ਇਸ ਲੜਾਈ ਤੋਂ ਬਾਅਦ ਤੋਪਖ਼ਾਨਾ ਯੁੱਧ ਦਾ ਜ਼ਰੂਰੀ ਹਿੱਸਾ ਬਣ ਗਿਆ।

(v) ਪਾਣੀਪਤ ਦੀ ਪਹਿਲੀ ਲੜਾਈ ਵਿੱਚ ਮਿਲੀ ਜਿੱਤ ਨੇ ਬਾਬਰ ਲਈ ਭਾਰਤ ਵਿੱਚ ਸੱਤਾ ਸਥਾਪਿਤ ਕਰਨ ਦੇ ਰਸਤੇ ਖੋਲ ਦਿੱਤੇ।

**ਪ੍ਰਸ਼ਨ. ਪਾਣੀਪਤ ਦੀ ਪਹਿਲੀ ਲੜਾਈ ਵਿੱਚ ਬਾਬਰ ਦੀ ਜਿੱਤ ਦੇ ਕੀ ਕਾਰਣ ਸਨ।**

ਉੱਤਰ:- ਪਾਣੀਪਤ ਦੀ ਪਹਿਲੀ ਲੜਾਈ ਵਿੱਚ ਬਾਬਰ ਦੀ ਜਿੱਤ ਦੇ ਹੇਠ ਲਿਖੇ ਕਾਰਣ ਸਨ:- ਭਾਰਤ ਵਿੱਚ ਬਾਬਰ ਦੀ ਜਿੱਤ ਦੇ ਲਈ ਕਈ ਕਾਰਨ ਜ਼ਿੰਮੇਵਾਰ ਸਨ। (i) 16ਵੀਂ ਸਦੀ ਵਿੱਚ ਭਾਰਤ ਦੇ ਰਾਜ ਆਪਸੀ ਲੜਾਈਆਂ ਕਾਰਨ ਸ਼ਕਤੀਹੀਣ ਹੋ ਚੁੱਕੇ ਸਨ। ਬਾਬਰ ਲਈ ਇਨ੍ਹਾਂ ਸ਼ਾਸਕਾਂ ਨੂੰ ਹਰਾਉਣਾ ਕੋਈ ਔਖਾ ਕੰਮ ਨਹੀਂ ਸੀ। (ii) ਦਿੱਲੀ ਦਾ ਸੁਲਤਾਨ ਇਬਰਾਹੀਮ ਲੋਧੀ ਆਪਣੇ ਬੁਰੇ ਵਤੀਰੇ ਅਤੇ ਅੱਤਿਆਚਾਰ ਕਾਰਨ ਆਪਣੇ ਸਰਦਾਰਾਂ ਅਤੇ ਪਰਜਾ ਵਿੱਚ ਬੜਾ ਬਦਨਾਮ ਸੀ। ਉਹ ਅਜਿਹੇ ਸ਼ਾਸਕ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨ।(iii) ਇਬਰਾਹੀਮ ਲੋਧੀ ਦੀ ਫ਼ੌਜ ਵੀ ਬੜੀ ਨਿਰਬਲ ਸੀ।

**ਪ੍ਰਸ਼ਨ . ਬਾਬਰ ਅਤੇ ਲੋਧੀਆਂ ਵਿਚਕਾਰ ਸੰਘਰਸ਼ ਬਾਰੇ ਲਿਖੋ ।**

ਉੱਤਰ—ਬਾਬਰ ਦੇ ਹਮਲਿਆਂ ਸਮੇਂ ਭਾਰਤ ਵਿੱਚ ਲੋਧੀ ਅਫ਼ਗਾਨਾਂ ਦਾ ਰਾਜ ਸੀ । ਇਸ ਲਈ ਬਾਬਰ ਨੂੰ ਭਾਰਤ ਵਿੱਚ ਮੁਗ਼ਲ ਰਾਜ ਸਥਾਪਿਤ ਕਰਨ ਲਈ ਉਨ੍ਹਾਂ ਨਾਲ ਸੰਘਰਸ਼ ਕਰਨਾ ਪਿਆ । ਉਸ ਸਮੇਂ ਇਬਰਾਹੀਮ ਲੋਧੀ ਦਿੱਲੀ ਦਾ ਸੁਲਤਾਨ ਸੀ । 21 ਅਪਰੈਲ, 1526 ਈ. ਨੂੰ ਪਾਨੀਪਤ ਦੇ ਮੈਦਾਨ ਵਿੱਚ ਬਾਬਰ ਅਤੇ ਇਬਰਾਹੀਮ ਲੋਧੀ ਦੀਆਂ ਫ਼ੌਜਾਂ ਵਿਚਾਲੇ ਟੱਕਰ ਹੋਈ ।ਇਸ ਲੜਾਈ ਵਿੱਚ ਇਬਰਾਹੀਮ ਲੋਧੀ ਦੀ ਹਾਰ ਹੋਈ ਅਤੇ ਉਹ ਮਾਰਿਆ ਗਿਆ । ਬਾਬਰ ਦਿੱਲੀ ਅਤੇ ਆਗਰੇ ਨੂੰ ਆਪਣੇ ਅਧੀਨ ਕਰਨ ਵਿੱਚ ਸਫਲ ਹੋਇਆ । 1529 ਈ. ਵਿੱਚ ਬਾਬਰ ਨੇ ਇਬਰਾਹੀਮ ਲੋਧੀ ਦੇ ਭਰਾ ਮਹਿਮੂਦ ਲੋਧੀ ਨੂੰ ਘਾਘਰਾ ਦੀ ਲੜਾਈ ਵਿੱਚ ਹਰਾ ਕੇ ਅਫ਼ਗਾਨਾਂ ਦੀ ਸ਼ਕਤੀ ਨੂੰ ਪੂਰਨ ਤੌਰ 'ਤੇ ਕੁਚਲ ਦਿੱਤਾ। ਸਿੱਟੇ ਵਜੋਂ ਭਾਰਤ ਵਿੱਚ ਲੋਧੀ ਸੱਤਾ ਦਾ ਅੰਤ ਹੋ ਗਿਆ ਅਤੇ ਮੁਗਲ ਵੰਸ਼ ਦਾ ਸ਼ਾਸਨ ਸਥਾਪਿਤ ਹੋ ਗਿਆ।

**ਪ੍ਰਸ਼ਨ . ਬਾਬਰ ਅਤੇ ਰਾਣਾ ਸਾਂਗਾ ਵਿੱਚ ਲੜਾਈ ਬਾਰੇ ਦੱਸੋ ।**

ਉੱਤਰ-ਰਾਣਾ ਸਾਂਗਾ ਮੇਵਾੜ ਦਾ ਸ਼ਕਤੀਸ਼ਾਲੀ ਸ਼ਾਸਕ ਸੀ । ਬਾਬਰ ਲਈ ਭਾਰਤ ਵਿੱਚ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਉਸ ਨਾਲ ਟੱਕਰ ਲੈਣੀ ਜ਼ਰੂਰੀ ਸੀ । ਬਾਬਰ ਅਤੇ ਰਾਣਾ ਸਾਂਗਾਂ ਵਿਚਾਲੇ ਫ਼ਤਹਿਪੁਰ ਸੀਕਰੀ ਦੇ ਨੇੜੇ ਖਨੂਆ (ਕਨਵਾਹ) ਵਿਖੇ 17 ਮਾਰਚ, 1527 ਈ. ਨੂੰ ਟੱਕਰ ਹੋਈ । ਇਸ ਲੜਾਈ ਵਿੱਚ ਹਸਨ ਖ਼ਾਂ ਮੇਵਾਤੀ ਅਤੇ ਮਹਿਮੂਦ ਲੋਧੀ ਨੇ ਰਾਣਾ ਸਾਂਗਾ ਨੂੰ ਆਪਣਾ ਸਹਿਯੋਗ ਦਿੱਤਾ । ਇਹ ਲੜਾਈ ਬੜੀ ਭਿਆਨਕ ਸੀ । ਇਸ ਲੜਾਈ ਵਿੱਚ ਭਾਵੇਂ ਰਾਜਪੂਤਾਂ ਨੇ ਮੁਗ਼ਲਾਂ ਦਾ ਡਟ ਕੇ ਮੁਕਾਬਲਾ ਕੀਤਾ ਪਰ ਅੰਤ ਵਿੱਚ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ । ਇਸ ਨਿਰਣਾਇਕ ਜਿੱਤ ਕਾਰਨ ਭਾਰਤ ਵਿੱਚ ਮੁਗਲ ਸਾਮਰਾਜ ਦੀ ਨੀਂਹ ਪੱਕੀ ਹੋ ਗਈ ।

**ਪ੍ਰਸ਼ਨ . ਬਾਬਰ ਨੂੰ ਇੱਕ ਵਿਦਵਾਨ ਕਿਉਂ ਕਿਹਾ ਜਾਂਦਾ ਹੈ ?**

ਉੱਤਰ-ਬਾਬਰ ਨਾ ਸਿਰਫ਼ ਇੱਕ ਯੋਗ ਸੈਨਾਪਤੀ ਅਤੇ ਮਹਾਨ ਵਿਅਕਤੀ ਸੀ, ਸਗੋਂ ਉੱਚ-ਕੋਟੀ ਦਾ ਵਿਦਵਾਨ ਵੀ ਸੀ । ਉਸ ਨੂੰ ਫ਼ਾਰਸੀ, ਅਰਬੀ ਅਤੇ ਤੁਰਕੀ ਭਾਸ਼ਾਵਾਂ ਦਾ ਚੰਗਾ ਗਿਆਨ ਪ੍ਰਾਪਤ ਕੀਤਾ ਸੀ । ਉਸ ਨੂੰ ਸਾਹਿਤ ਦੀਆਂ ਦੋਵੇਂ ਰੂਪਾਂ ਭਾਵ ਗੱਦ ਅਤੇ ਪਦ ਦਾ ਪੂਰਨ ਗਿਆਨ ਸੀ । ਤੁਰਕੀ ਭਾਸ਼ਾ ਵਿੱਚ ਲਿਖੀ ਉਸ ਦੀ ਆਤਮ-ਕਥਾ ਤੁਜ਼ਕੇ ਬਾਬਰੀ ਸਾਹਿਤਕ ਪੱਖੋਂ ਇੱਕ ਉੱਚ-ਕੋਟੀ ਦੀ ਪੁਸਤਕ ਮੰਨੀ ਜਾਂਦੀ ਹੈ । ਭਾਸ਼ਾ, ਸ਼ੈਲੀ ਅਤੇ ਭਾਵ ਦੇ ਪੱਖੋਂ ਉਸ ਦੀ ਤੁਲਨਾ ਕਿਸੇ ਵੀ ਉੱਚ-ਕੋਟੀ ਦੇ ਗ੍ਰੰਥ ਨਾਲ ਕੀਤੀ ਜਾ ਸਕਦੀ ਹੈ ।

ਪ੍ਰਸ਼ਨ ਸ਼ੇਰਸ਼ਾਹ ਦੇ ਕੰਮਾਂ ਦੀ ਚਰਚਾ ਕਰੋ।

ਉੱਤਰ-ਸ਼ੇਰਸ਼ਾਹ ਦਾ ਨਾਂ ਭਾਰਤੀ ਇਤਿਹਾਸ ਵਿੱਚ ਉਸ ਦੇ ਵਧੀਆ ਸ਼ਾਸਨ ਪ੍ਰਬੰਧ ਕਾਰਨ ਪ੍ਰਸਿੱਧ ਹੈ ।

(i) ਉਸ ਨੇ ਪ੍ਰਸ਼ਾਸਨ ਦੀ ਸਹੂਲਤ ਲਈ ਰਾਜ ਵਿੱਚ ਬੜੇ ਯੋਗ ਅਤੇ ਈਮਾਨਦਾਰ ਵਿਅਕਤੀਆਂ ਨੂੰ ਨਿਯੁਕਤ ਕੀਤਾ ।

(ii) ਉਸ ਨੇ ਕਿਸਾਨਾਂ ਦੀ ਖੁਸ਼ਹਾਲੀ ਲਈ ਲਗਾਨ ਪ੍ਰਬੰਧ ਵੱਲ ਵਿਸ਼ੇਸ਼ ਧਿਆਨ ਦਿੱਤਾ।

(iii) ਉਸ ਨੇ ਪਰਜਾ ਦੀ ਭਲਾਈ ਲਈ ਰਾਜ ਭਰ ਵਿੱਚ ਸੜਕਾਂ ਬਣਵਾਈਆਂ । (iv) ਉਸ ਨੇ ਗ਼ਰੀਬਾਂ ਲਈ ਮੁਫ਼ਤ ਲੰਗਰ ਅਤੇ ਹਸਪਤਾਲਾਂ ਦਾ ਪ੍ਰਬੰਧ ਕੀਤਾ

(v) ਉਸ ਨੇ ਸੈਨਿਕ ਪ੍ਰਬੰਧ ਵਿੱਚ ਸਖ਼ਤ ਅਨੁਸ਼ਾਸਨ ਲਾਗੂ ਕੀਤਾ ।

**ਪ੍ਰਸ਼ਨ . ਅਕਬਰ ਦੀ ਰਾਜਪੂਤ ਨੀਤੀ ਦੇ ਕੀ ਸਿੱਟੇ ਨਿਕਲੇ।**

ਉੱਤਰ—ਮੁਗਲ ਬਾਦਸ਼ਾਹ ਅਕਬਰ ਦੀ ਰਾਜਪੂਤ ਨੀਤੀ ਦੇ ਹੇਠ ਲਿਖੇ ਸਿੱਟੇ ਨਿਕਲੇ :-

(i) ਰਾਜਪੂਤ ਮੁਗ਼ਲ ਸਾਮਰਾਜ ਦੇ ਰਾਖੇ ਬਣੇ ਗਏ ।

(ii) ਉਨ੍ਹਾਂ ਦੇ ਸਹਿਯੋਗ ਦੇ ਕਾਰਨ ਮੁਗ਼ਲ ਸਾਮਰਾਜ ਦੀਆਂ ਹੱਦਾਂ ਵਿੱਚ ਕਾਫ਼ੀ ਵਿਸਥਾਰ ਹੋ ਸਕਿਆ ।

(iii) ਇਸ ਨਾਲ ਹਿੰਦੂ-ਮੁਸਲਿਮ ਏਕਤਾ ਨੂੰ ਬਲ ਮਿਲਿਆ ।

(iv) ਇਸ ਨਾਲ ਭਾਰਤੀ ਕਲਾ ਅਤੇ ਸਾਹਿਤ ਨੂੰ ਇੱਕ ਨਵਾਂ ਉਤਸ਼ਾਹ ਮਿਲਿਆ ।

(v) ਅਕਬਰ ਦੀ ਰਾਜਪੂਤ ਨੀਤੀ ਦੇ ਕਾਰਨ ਹੀ ਨਵੇਂ ਸਥਾਪਿਤ ਮੁਗਲ ਸਾਮਰਾਜ ਦਾ ਇੱਕ ਸ਼ਕਤੀਸ਼ਾਲੀ ਦੁਸ਼ਮਣ ਤੋਂ ਬਚਾਅ ਹੋ ਗਿਆ।

**ਪ੍ਰਸ਼ਨ ਔਰੰਗਜ਼ੇਬ ਦੀ ਰਾਜਪੂਤ ਨੀਤੀ ਦੀਆਂ ਵਿਸ਼ੇਸਤਾਵਾਂ ਦੱਸੋ।**

ਉੱਤਰ—ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਦਾ ਪ੍ਰਭਾਵ ਉਸਦੀ ਰਾਜਪੂਤ ਨੀਤੀ 'ਤੇ ਵੀ ਪਿਆ। ਉਸਦੀ ਰਾਜਪੂਤ ਨੀਤੀ ਦੀਆਂ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ:-

(i) ਔਰੰਗਜ਼ੇਬ ਰਾਜਪੂਤਾਂ ਨਾਲ ਬਹੁਤ ਈਰਖਾ ਕਰਦਾ ਸੀ ।

(ii) ਉਸ ਨੇ ਰਾਜਪੂਤਾਂ ਨੂੰ ਸਰਕਾਰੀ ਅਹੁਦਿਆਂ ਤੋਂ ਹਟਾ ਦਿੱਤਾ ।

(iii) ਉਸ ਨੇ ਰਾਜਪੂਤਾਂ ਦੇ ਅਨੇਕਾਂ ਮੰਦਰਾਂ ਨੂੰ ਬਰਬਾਦ ਕਰ ਦਿੱਤਾ ।

(iv) ਉਸ ਨੇ ਮਾਰਵਾੜ ਅਤੇ ਮੇਵਾੜ ਦੇ ਸ਼ਾਸਕਾਂ ਨਾਲ ਯੁੱਧ ਕੀਤੇ ।

(v) ਔਰੰਗਜ਼ੇਬ ਦੀ ਰਾਜਪੂਤ ਨੀਤੀ ਦੇ ਵਿਨਾਸ਼ਕਾਰੀ ਸਿੱਟੇ ਨਿਕਲੇ ।

**ਪ੍ਰਸ਼ਨ . ਮੁਗਲਕਾਲੀਨ ਪੰਜਾਬ ਦਾ ਮੁਸਲਿਮ ਸਮਾਜ ਕਿਹੋ ਜਿਹਾ ਸੀ ।**

ਉੱਤਰ-ਮੁਗਲਕਾਲੀਨ ਪੰਜਾਬ ਵਿੱਚ ਮੁਸਲਮਾਨਾਂ ਦੀ ਸਥਿਤੀ ਬਹੁਤ ਚੰਗੀ ਸੀ । ਸ਼ਾਸਕ ਵਰਗ ਨਾਲ ਸੰਬੰਧਿਤ ਹੋਣ ਕਾਰਨ ਉਨ੍ਹਾਂ ਨੂੰ ਸਮਾਜ ਵਿੱਚ ਕੁਝ ਵਿਸ਼ੇਸ ਸਹੂਲਤਾਂ ਪ੍ਰਾਪਤ ਸਨ। ਰਾਜ ਦੇ ਕਈ ਉੱਚ ਅਹੁਦਿਆਂ 'ਤੇ ਮੁਸਲਮਾਨਾਂ ਨੂੰ ਨਿਯੁਕਤ ਕੀਤਾ ਜਾਂਦਾ ਸੀ । ਉਸ ਸਮੇਂ ਮੁਸਲਮਾਨ ਤਿੰਨ ਸ਼ੇਣੀਆਂ ਵਿੱਚ ਵੰਡੇ ਹੋਏ ਸਨ । ਉੱਚ ਸ਼੍ਰੇਣੀ ਜਿਸ ਵਿੱਚ ਵੱਡੇ ਵੱਡੇ ਮਨਸਬਦਾਰ, ਸੂਬੇਦਾਰ, ਜਾਗੀਰਦਾਰ ਆਦਿ ਸ਼ਾਮਲ ਸਨ ਉਹ ਬੜਾ ਐਸੋ ਆਰਾਮ ਅਤੇ ਸ਼ਾਨੋ ਸ਼ੌਕਤ ਦਾ ਜੀਵਨ ਬਤੀਤ ਕਰਦੇ ਸਨ ।ਉਨ੍ਹਾਂ ਦੇ ਮਨੋਰੰਜਨ ਦੇ ਮੁੱਖ ਸਾਧਨ ਸਰਾਬ ਪੀਣਾ , ਔਰਤਾਂ ਦਾ ਨਾਚ ਵੇਖਣਾ, ਜੂਆ ਖੇਡਣਾ ਆਦਿ ਸਨ ।ਉਨ੍ਹਾਂ ਦੀ ਸੇਵਾ ਲਈ ਵੱਡੀ ਗਿਣਤੀ ਵਿੱਚ ਨੌਕਰ ਹੁੰਦੇ ਸਨ । ਮੱਧ ਸ਼੍ਰੇਣੀ ਵਿੱਚ ਕਿਸਾਨ ਦੁਕਾਨਦਾਰ ਅਤੇ ਛੋਟੇ ਦਰਜ਼ੇ ਦੇ ਸਰਕਾਰੀ ਕਰਮਚਾਰੀ ਸ਼ਾਮਲ ਸਨ । ਨੀਵੀਂ ਸ਼੍ਰੇਣੀ ਵਿੱਚ ਘਰੇਲੂ ਨੌਕਰ, ਮਜਦੂਰ, ਦਾਸ, ਛੋਟੇ ਦੁਕਾਨਦਾਰ ਆਦਿ ਸ਼ਾਮਲ ਸਨ । ਇਨ੍ਹਾਂ ਦੀ ਹਾਲਤ ਬੜੀ ਤਰਸਯੋਗ ਸੀ । ਗਰੀਬ ਹੋਣ ਕਾਰਨ ਉਨ੍ਹਾਂ ਦਾ ਜੀਵਨ ਨਿਰਬਾਹ ਕਰਨਾ ਬੜਾ ਔਖਾ ਸੀ ।

**ਪ੍ਰਸ਼ਨ ਮੁਗਲਕਾਲੀਨ ਪੰਜਾਬ ਦੇ ਸਮਾਜ ਵਿੱਚ ਹਿੰਦੂਆਂ ਦੀ ਸਥਿਤੀ ਕਿਹੋ ਜਿਹੀ ਸੀ ?**

ਉੱਤਰ: ਮੁਗਲਕਾਲੀਨ ਪੰਜਾਬ ਵਿੱਚ ਹਿੰਦੂਆ ਦੀ ਸਥਿਤੀ ਚੰਗੀ ਨਹੀਂ ਸੀ । ਸਮਾਜ ਵਿੱਚ ਭਾਵੇਂ ਹਿੰਦੂਆ ਦੀ ਬਹੁਗਿਣਤੀ ਸੀ ਪਰ ਉਨ੍ਹਾਂ ਨੂੰ ਉੱਚ ਅਹੁਦਿਆਂ ਤੇ ਘੱਟ ਹੀ ਨਿਯੁਕਤ ਕੀਤਾ ਜਾਂਦਾ ਸੀ। ਮੁਸਲਮਾਨ ਉਨ੍ਹਾਂ ਨੂੰ ਕਾਫ਼ਰ ਸਮਝਦੇ ਸਨ ।ਉਨ੍ਹਾਂ ਦਾ ਭਾਰੀ ਅਪਮਾਨ ਕੀਤਾ ਜਾਦਾ ਸੀ । ਉਨ੍ਹਾਂ ਨੂੰ ਇਸਲਾਮ ਧਰਮ ਸਵੀਕਾਰ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ। ਉਸ ਸਮੇਂ ਹਿੰਦੂ ਸਮਾਜ ਕਈ ਜਾਤਾ ਤੇ ਉਪ-ਜਾਤਾਂ ਵਿੱਚ ਵੰਡਿਆ ਹੋਇਆ ਸੀ ।ਜਾਤੀ ਸੰਬੰਧੀ ਨਿਯਮ ਪਹਿਲਾ ਨਾਲੋਂ ਵਧੇਰੇ ਕਠੋਰ ਹੋ ਗਏ ਸਨ ।ਉੱਚ ਜਾਤੀ ਦੇ ਲੋਕ ਨੀਵੀਂ ਜਾਤੀ ਦੇ ਲੋਕਾਂ ਨਾਲ ਨਫ਼ਰਤ ਕਰਦੇ ਸਨ । ਉਨ੍ਹਾਂ 'ਤੇ ਭਾਰੀ ਜ਼ੁਲਮ ਕੀਤੇ ਜਾਂਦੇ ਸਨ । ਇਨ੍ਹਾਂ ਤੋਂ ਇਲਾਵਾ ਉਨ੍ਹਾਂ 'ਤੇ ਬਹੁਤ ਸਾਰੀਆਂ ਪਾਬੰਦੀਆਂ ਲਗਾਈਆਂ ਗਈਆਂ ਸਨ । ਸਮਾਜ ਵਿੱਚ ਹਰ ਵਿਅਕਤੀ ਆਪਣੀ ਜਾਤ ਅਨੁਸਾਰ ਕੰਮ ਕਰਦਾ ਸੀ । ਜਾਤੀ ਸੰਬੰਧੀ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਦਾ ਸਮਾਜਿਕ ਬਾਈਕਾਟ ਕੀਤਾ ਜਾਂਦਾ ਸੀ । ਹਿੰਦੂਆਂ ਦੀ ਇਹ ਜਾਤੀ ਪ੍ਰਥਾ ਉਨ੍ਹਾਂ ਲਈ ਬੜੀ ਹਾਨੀਕਾਰਕ ਸਿੱਧ ਹੋਈ ।

**ਪ੍ਰਸ਼ਨ ਮੁਗ਼ਲਕਾਲੀਨ ਪੰਜਾਬ ਵਿੱਚ ਇਸਤਰੀਆਂ ਦੀ ਸਥਿਤੀ ਕਿਹੋ ਜਿਹੀ ਸੀ ?**

ਉੱਤਰ-ਮੁਗਲਕਾਲੀਨ ਸਮਾਜ ਵਿੱਚ ਇਸਤਰੀਆਂ ਦੀ ਹਾਲਤ ਚੰਗੀ ਨਹੀਂ ਸੀ। ਹਿੰਦੂ ਸਮਾਜ ਵਿੱਚ ਔਰਤਾਂ ਉੱਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਗਈਆਂ ਸਨ।ਲੋਕ ਲੜਕੀਆਂ ਨੂੰ ਜੰਮਦੇ ਹੀ ਮਾਰ ਦਿੰਦੇ ਸਨ। ਜਿਹੜੀਆਂ ਲੜਕੀਆਂ ਖੁਸ਼ਕਿਸਮਤੀ ਨਾਲ ਬਚ ਜਾਂਦੀਆਂ ਸਨ ਉਨ੍ਹਾਂ ਦਾ ਵਿਆਹ ਬਹੁਤ ਹੀ ਛੋਟੀ ਉਮਰ ਵਿੱਚ ਕਰ ਦਿੱਤਾ ਜਾਂਦਾ ਸੀ। ਸਿੱਟੇ ਵਜੋਂ ਲੜਕੀਆਂ ਦੀ ਪੜ੍ਹਾਈ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਸੀ। ਪਤੀ ਦੀ ਮੌਤ ਹੋ ਜਾਣ 'ਤੇ ਪਤਨੀ ਨੂੰ ਜ਼ਬਰਦਸਤੀ ਪਤੀ ਦੀ ਚਿਤਾ ਨਾਲ ਜ਼ਿੰਦਾ ਜਲਾ ਦਿੱਤਾ ਜਾਂਦਾ ਸੀ। ਇਸ ਪ੍ਰਥਾ ਨੂੰ ਸਤੀ ਪ੍ਰਥਾ ਕਿਹਾ ਜਾਂਦਾ ਸੀ ਤੇ ਇਹ ਪ੍ਰਥਾ ਹਿੰਦੂਆਂ ਵਿੱਚ ਪ੍ਰਚਲਿਤ ਸੀ। ਜਿਹੜੀਆਂ ਇਸਤਰੀਆਂ ਸਤੀ ਨਹੀਂ ਸਨ ਹੁੰਦੀਆਂ ਉਨ੍ਹਾਂ ਨੂੰ ਵਿਧਵਾ ਦਾ ਜੀਵਨ ਬਤੀਤ ਕਰਨਾ ਪੈਂਦਾ ਸੀ। ਵਿਧਵਾ ਨੂੰ ਦੁਬਾਰਾ ਵਿਆਹ ਕਰਨ ਦੀ ਆਗਿਆ ਨਹੀਂ ਸੀ। ਮੁਸਲਿਮ ਅਤੇ ਹਿੰਦੂ ਇਸਤਰੀਆਂ ਵਿੱਚ ਪਰਦੇ ਦਾ ਬੜਾ ਰਿਵਾਜ ਸੀ। ਸਮਾਜ ਵਿੱਚ ਇਸਤਰੀਆਂ ਦਾ ਦਰਜਾ ਪੁਰਸ਼ਾਂ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਸੀ। ਸਿੱਖਾਂ ਤੇ ਮੁਸਲਮਾਨਾਂ ਵਿੱਚ ਹਿੰਦੂਆਂ ਨਾਲੋਂ ਔਰਤਾਂ ਦੀ ਦਸ਼ਾ ਵਧੇਰੇ ਚੰਗੀ ਸੀ।

**ਪ੍ਰਸ਼ਨ . ਮੁਗਲਕਾਲੀਨ ਪੰਜਾਬ ਵਿੱਚ ਲੋਕਾਂ ਦੇ ਮਨੋਰੰਜਨ ਦੇ ਮੁੱਖ ਸਾਧਨ ਕਿਹੜੇ ਸਨ ?**

ਉੱਤਰ-ਮੁਗਲਕਾਲੀਨ ਪੰਜਾਬ ਦੇ ਲੋਕ ਕਈ ਢੰਗਾਂ ਨਾਲ ਆਪਣਾ ਮਨੋਰੰਜਨ ਕਰਦੇ ਸਨ। ਉੱਚ ਸ਼੍ਰੇਣੀ ਦੇ ਲੋਕ ਆਪਣਾ ਮਨੋਰੰਜਨ ਸ਼ਿਕਾਰ ਕਰਕੇ, ਨਾਚ ਦੇਖਣਾ, ਸੰਗੀਤ ਸੁਣਣਾ,ਕਬੂਤਰਬਾਜ਼ੀ, ਕੁਸ਼ਤੀ ਵੇਖਣਾ, ਹਾਥੀਆਂ ਅਤੇ ਮੁਰਗਿਆਂ ਦੀ ਲੜਾਈ ਦੇਖ ਕੇ, ਰਥ ਦੌੜ, ਸ਼ਤਰੰਜ ਮਹਿਫਲਾਂ ਵਿੱਚ ਹਿੱਸਾ ਲੈ ਕੇ ਆਦਿ ਨਾਲ ਕਰਦੇ ਸਨ। ਆਮ ਲੋਕੀ ਆਪਣਾ ਮਨੋਰੰਜਨ ਸੰਗੀਤ, ਨਾਚ ਭੰਗੜੇ, ਕੁਸ਼ਤੀਆਂ ਕਰਕੇ, ਦੌੜਾਂ ਵਿੱਚ ਹਿੱਸਾ ਲੈ ਕੇ ਜਾਦੂਗਰਾਂ ਅਤੇ ਮਦਾਰੀਆਂ ਦੇ ਤਮਾਸੇ ਵੇਖ ਕੇ ਅਤੇ ਤਾਸ਼ ਖੇਡ ਕੇ ਕਰਦੇ ਸਨ। ਇਨ੍ਹਾਂ ਤੋਂ ਇਲਾਵਾ ਲੋਕ ਤਿਉਹਾਰ ਅਤੇ ਮੇਲਿਆਂ ਵਿੱਚ ਵੱਧ ਚੜ ਕੇ ਹਿੱਸਾ ਲੈਂਦੇ ਸਨ। ਹਿੰਦੂਆਂ ਦੇ ਪ੍ਰਮੁੱਖ ਤਿਉਹਾਰ ਦੀਵਾਲੀ, ਦੁਸਹਿਰਾ, ਵਿਸਾਖੀ, ਲੋਹੜੀ, ਹੋਲੀ, ਸ਼ਿਵਰਾਤਰੀ ਤੇ ਰਾਮਨੌਮੀ ਆਦਿ ਸਨ। ਮੁਸਲਮਾਨਾਂ ਦੇ ਮੁੱਖ ਤਿਉਹਾਰ ਈਦ, ਸਬ-ਏ ਬਾਰਾਤ ਅਤੇ ਨੌਰੋਜ ਸਨ। ਇਨ੍ਹਾਂ ਤੋਂ ਇਲਾਵਾ ਸੂਫ਼ੀ ਸੰਤਾਂ ਦੀਆਂ ਦਰਗਾਹਾਂ 'ਤੇ ਵੀ ਭਾਰੀ ਮੇਲੇ ਲਗਦੇ ਸਨ। ਸਿੱਖ ਵਿਸ਼ਾਖੀ ਅਤੇ ਦੀਵਾਲੀ ਦੇ ਮੌਕਿਆਂ 'ਤੇ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਬੜੇ ਉਤਸ਼ਾਹ ਨਾਲ ਇਕੱਠੇ ਹੁੰਦੇ ਸਨ।

**ਪ੍ਰਸ਼ਨ:-ਮੁਗਲਾਂ ਦੇ ਅਧੀਨ ਪੰਜਾਬ ਵਿੱਚ ਸਿੱਖਿਆ ਦਾ ਕੀ ਪ੍ਰਬੰਧ ਸੀ ?**

ਉੱਤਰ- ਮੁਗ਼ਲਕਾਲੀਨ ਪੰਜਾਬ ਵਿੱਚ ਲੋਕਾਂ ਨੂੰ ਸਿੱਖਿਆ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਸੀ।ਹਿੰਦੂ ਆਪਣੀ ਮੁੱਢਲੀ ਸਿੱਖਿਆ ਮੰਦਰਾਂ ਵਿੱਚ ਅਤੇ ਮੁਸਲਮਾਨ ਇਹ ਸਿੱਖਿਆ ਮਦਰੱਸਿਆਂ ਤੇ ਮਸਜਿਦਾਂ ਵਿੱਚ ਪ੍ਰਾਪਤ ਕਰਦੇ ਸਨ। ਇਹ ਲੋਕਾਂ ਦੁਆਰਾ ਦਿੱਤੇ ਗਏ ਦਾਨ 'ਤੇ ਚਲਦੇ ਸਨ। ਇੱਥੇ ਵਿਦਿਆਰਥੀਆਂ ਨੂੰ ਆਪੋ ਆਪਣੇ ਧਰਮਾਂ ਸੰਬੰਧੀ ਸਿੱਖਿਆ ਦਿੱਤੀ ਜਾਂਦੀ ਸੀ। ਮੁਸਲਮਾਨਾਂ ਦੇ ਮੁਕਾਬਲੇ ਹਿੰਦੂ ਸਿੱਖਿਆ ਵਿੱਚ ਵਧੇਰੇ ਦਿਲਚਸਪੀ ਲੈਂਦੇ ਸਨ। ਵਿਦਿਆਰਥੀਆਂ ਤੋਂ ਕੋਈ ਫੀਸ ਨਹੀਂ ਸੀ ਲਈ ਜਾਂਦੀ। ਉਹ ਆਪਣੀ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਗੁਰੂ ਨੂੰ ਕੁਝ ਦੱਖਣਾ ਦਿੰਦੇ ਸਨ। ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਪੰਜਾਬ ਵਿੱਚ ਲਾਹੌਰ, ਮੁਲਤਾਨ, ਸਿਆਲਕੋਟ, ਜਲੰਧਰ, ਸੁਲਤਾਨਪੁਰ, ਬਟਾਲਾ, ਅੰਬਾਲਾ, ਸਰਹਿੰਦ ਆਦਿ ਥਾਂਵਾਂ 'ਤੇ ਮਦਰੱਸੇ ਬਣੇ ਹੋਏ ਸਨ।ਸਰਕਾਰ ਇਨ੍ਹਾਂ ਨੂੰ ਮਾਲੀ ਸਹਾਇਤਾ ਦਿੰਦੀ ਸੀ। ਇਸ ਕਾਲ ਵਿੱਚ ਇਸਤਰੀਆਂ ਦੀ ਸਿੱਖਿਆ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ ਜਾਂਦਾ। ਕੇਵਲ ਉੱਚ ਘਰਾਣੇ ਦੀਆਂ ਕੁਝ ਇਸਤਰੀਆਂ ਸਿੱਖਿਆ ਪ੍ਰਾਪਤ

ਕਰਦੀਆਂ ਸਨ। ਇਨ੍ਹਾਂ ਦੀ ਸਿੱਖਿਆ ਦਾ ਪ੍ਰਬੰਧ ਘਰਾਂ ਵਿੱਚ ਹੀ ਨਿੱਜੀ ਤੌਰ 'ਤੇ ਕੀਤਾ ਜਾਂਦਾ ਸੀ।

**ਪ੍ਰਸ਼ਨ . ਮੁਗ਼ਲਾਂ ਦੇ ਅਧੀਨ ਪੰਜਾਬ ਦੀ ਆਰਥਿਕ ਹਾਲਤ ਦਾ ਸੰਖੇਪ ਵਰਣਨ ਕਰੋ।**

ਉੱਤਰ- ਮੁਗ਼ਲਕਾਲੀਨ ਪੰਜਾਬ ਦੇ ਲੋਕਾਂ ਦੀ ਆਰਥਿਕ ਹਾਲਤ ਬਹੁਤ ਚੰਗੀ ਸੀ। ਖੇਤੀਬਾੜੀ ਉਸ ਸਮੇਂ ਦੇ ਲੋਕਾਂ ਦਾ ਮੁੱਖ ਧੰਦਾ ਸੀ। ਭੂਮੀ ਦੇ ਉਪਜਾਊ ਹੋਣ ਕਾਰਨ, ਸਿੰਜਾਈ ਸਾਧਨਾਂ ਕਾਰਨ ਅਤੇ ਸਰਕਾਰ ਦੁਆਰਾ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣ ਕਾਰਨ ਇਸ ਧੰਦੇ ਨੂੰ ਬਹੁਤ ਉਤਸ਼ਾਹ ਮਿਲਿਆ। ਸਿੱਟੇ ਵਜੋਂ ਉਸ ਸਮੇਂ ਫ਼ਸਲਾਂ ਦੀ ਭਰਪੂਰ ਪੈਦਾਵਾਰ ਪ੍ਰਾਪਤ ਕੀਤੀ ਜਾਂਦੀ ਸੀ। ਪੰਜਾਬ ਦੀਆਂ

ਮੁੱਖ ਫ਼ਸਲਾਂ ਕਣਕ, ਕਪਾਹ, ਚੌਲ, ਗੰਨਾ, ਮੱਕੀ, ਛੋਲੇ, ਦਾਲਾਂ, ਤੇਲਾਂ ਦੇ ਬੀਜ ਅਤੇ ਜੋ ਆਦਿ ਸਨ। ਪਸ਼ੂ ਪਾਲਣ ਸਹਾਇਕ ਧੰਦਾ ਸੀ।ਪੰਜਾਬ ਦੇ ਲੋਕਾਂ ਦਾ ਦੂਜਾ ਮੁੱਖ ਧੰਦਾ ਉਦਯੋਗ ਸਨ । ਕੱਪੜਾ ਉਦਯੋਗ ਉਸ ਸਮੇਂ ਪੰਜਾਬ ਦਾ ਸਭ ਤੋਂ ਪ੍ਰਸਿੱਧ ਉਦਯੋਗ ਸੀ । ਇਸ ਤੋਂ ਇਲਾਵਾ ਚਮੜਾ ਉਦਯੋਗ, ਖੰਡ ਉਦਯੋਗ, ਸ਼ਸਤਰ ਉਦਯੋਗ ਅਤੇ ਲੱਕੜ ਉਦਯੋਗ ਵੀ ਪ੍ਰਸਿੱਧ ਸਨ । ਉਸ ਸਮੇਂ ਪੰਜਾਬ ਦਾ ਅੰਦਰੂਨੀ ਅਤੇ ਵਿਦੇਸ਼ੀ ਵਪਾਰ ਬਹੁਤ ਉੱਨਤ ਸੀ । ਪੰਜਾਬ ਦਾ ਵਿਦੇਸ਼ੀ ਵਪਾਰ ਅਰਬ ਦੇਸ਼ਾਂ, ਯੂਰਪੀ ਦੇਸ਼ਾਂ, ਅਫ਼ਗਾਨਿਸਤਾਨ, ਈਰਾਨ, ਤਿੱਬਤ ਅਤੇ ਚੀਨ ਆਦਿ ਦੇਸ਼ਾਂ ਨਾਲ ਚਲਦਾ ਸੀ ।ਪੰਜਾਬ ਤੋਂ ਇਨ੍ਹਾਂ ਦੇਸ਼ਾਂ ਨੂੰ ਸੂਤੀ ਤੇ ਰੇਸ਼ਮੀ ਕੱਪੜੇ, ਸ਼ਾਲਾਂ, ਕੰਬਲ, ਅਨਾਜ, ਖੰਡ, ਨੀਲ ਆਦਿ ਦਾ ਨਿਰਯਾਤ ਕੀਤਾ ਜਾਂਦਾ ਸੀ ।ਇਨ੍ਹਾਂ ਬਦਲੇ ਪੰਜਾਬ ਵਿਦੇਸ਼ਾਂ ਤੋਂ ਬਹੁਮੁੱਲੇ ਪੱਥਰ, ਰੇਸ਼ਮ, ਖੁਸ਼ਕ ਮੇਵੇ, ਵਧੀਆ ਨਸਲ ਦੇ ਘੋੜਿਆਂ ਆਦਿ ਦਾ ਆਯਾਤ ਕਰਦਾ ਸੀ। ਮੁਗ਼ਲਕਾਲੀਨ ਪੰਜਾਬ ਵਿੱਚ ਚੀਜ਼ਾਂ ਦੀਆਂ ਕੀਮਤਾਂ ਬਹੁਤ ਘੱਟ ਸਨ । ਸਿੱਟੇ ਵਜੋਂ ਗ਼ਰੀਬ ਲੋਕਾਂ ਦਾ ਗੁਜ਼ਾਰਾ ਵੀ ਚੰਗਾ ਹੋ ਜਾਂਦਾ ਸੀ।

**ਪ੍ਰਸ਼ਨ:-ਮੁਗ਼ਲਾਂ ਦਾ ਕੇਂਦਰੀ ਸ਼ਾਸਨ ਪ੍ਰਬੰਧ ਕਿਹੋ ਜਿਹਾ ਸੀ?**

ਉੱਤਰ:-ਬਾਦਸ਼ਾਹ :- ਰਾਜ-ਪ੍ਰਬੰਧ ਦਾ ਮੁਖੀ ਬਾਦਸ਼ਾਹ ਹੁੰਦਾ ਸੀ।ਮੁਗ਼ਲ ਬਾਦਸ਼ਾਹ ਸਰਕਾਰ ਦਾ ਕੇਂਦਰ ਬਿੰਦੂ ਸੀ। ਉਸ ਦੇ ਅਧਿਕਾਰ ਅਸੀਮਿਤ ਸਨ। ਕਾਨੂੰਨ ਬਣਾਉਣਾ, ਕਾਨੂੰਨ ਨੂੰ ਲਾਗੂ ਕਰਨਾ, ਕਾਨੂੰਨ ਭੰਗ ਕਰਨ ਵਾਲਿਆਂ ਨੂੰ ਸਜ਼ਾ ਦੇਣਾ, ਸੈਨਾ ਨੂੰ ਆਪਣੇ ਅਧੀਨ ਰੱਖਣਾ ਆਦਿ ਸਭ ਸ਼ਕਤੀਆਂ ਦੀ ਵਰਤੋਂ ਉਹ ਆਪ ਕਰਦਾ ਸੀ। ਉਸਦੇ ਮੂੰਹ ਵਿੱਚੋਂ ਨਿਕਲਿਆ ਹਰ ਸ਼ਬਦ ਕਾਨੂੰਨ ਹੁੰਦਾ ਸੀ। ਉਸ ਦੇ ਕਈ ਵਿਸ਼ੇਸ਼ ਅਧਿਕਾਰ ਹੁੰਦੇ ਸਨ ਜਿਨ੍ਹਾਂ ਦੀ ਕੋਈ ਹੋਰ ਵਰਤੋਂ ਨਹੀਂ ਕਰ ਸਕਦਾ ਸੀ।

2. ਮੰਤਰੀ ਮੰਡਲ :- ਰਾਜ ਦੇ ਕੰਮਾਂ ਵਿੱਚ ਬਾਦਸ਼ਾਹ ਦੀ ਮੱਦਦ ਕਰਨ ਅਤੇ ਸਲਾਹ ਲਈ ਮੰਤਰੀ ਮੰਡਲ ਹੁੰਦਾ ਸੀ। ਮੰਤਰੀਆਂ ਦੀ ਸਲਾਹ ਮੰਨਣਾ ਜਾਂ ਨਾ ਮੰਨਣਾ ਬਾਦਸ਼ਾਹ ਦੀ ਆਪਣੀ ਮਰਜ਼ੀ ਤੇ ਨਿਰਭਰ ਕਰਦਾ ਸੀ। ਉਸਦੇ ਮੰਤਰੀ ਮੰਡਲ ਵਿੱਚ ਹੇਠ ਲਿਖੇ ਮੰਤਰੀ ਹੁੰਦੇ ਸਨ:-

(i) ਵਕੀਲ :- ਬਾਦਸ਼ਾਹ ਤੋਂ ਬਾਅਦ ਸਭ ਤੋਂ ਵੱਡਾ ਮੰਤਰੀ ਪ੍ਰਧਾਨ ਮੰਤਰੀ ਹੁੰਦਾ ਸੀ। ਉਸ ਨੂੰ ਵਕੀਲ ਜਾਂ ਵਜ਼ੀਰ ਦੇ ਨਾਂ ਨਾਲ ਬੁਲਾਇਆ ਜਾਂਦਾ ਸੀ। ਉਹ ਬਾਦਸ਼ਾਹ ਦੇ ਹਰ ਮਾਮਲੇ ਬਾਰੇ ਸਲਾਹ ਦਿੰਦਾ ਸੀ ਅਤੇ ਰਾਜ ਦੇ ਸਾਰੇ ਵਿਭਾਗਾਂ ਦੀ ਦੇਖ- ਭਾਲ ਕਰਦਾ ਸੀ।

(ii) ਦੀਵਾਨ-ਏ-ਆਲਾ :- ਦੀਵਾਨ-ਏ-ਆਲਾ ਜਾਂ ਵਿੱਤ ਮੰਤਰੀ ਆਮਦਨ ਅਤੇ ਖ਼ਰਚ ਦਾ ਰਿਕਾਰਡ ਰੱਖਦਾ ਸੀ। ਉਹ ਭੂਮੀ-ਲਗਾਨ ਸੰਬੰਧੀ ਸਾਰੇ ਨਿਯਮ ਬਣਾਉਂਦਾ ਸੀ ਅਤੇ ਦੂਜੇ ਕਰਾਂ ਦੀਆਂ ਦਰਾਂ ਵੀ ਨਿਸ਼ਚਿਤ ਕਰਦਾ ਸੀ।

(iii) ਮੀਰ ਬਖਸ਼ੀ:- ਕੇਂਦਰੀ ਸਰਕਾਰ ਦੇ ਸੈਨਿਕ ਅਤੇ ਸਿਵਲ ਅਧਿਕਾਰੀਆਂ ਨੂੰ ਤਨਖਾਹ ਦਿੰਦਾ ਸੀ।ਭਰਤੀ ਕਰਨਾ, ਉਨ੍ਹਾਂ ਦੇ ਹੁਲੀਏ ਦਾ ਰਿਕਾਰਡ ਰੱਖਦਾ, ਘੋੜਿਆਂ ਨੂੰ ਦਾਗ਼ ਦਾ ਕੰਮ ਕਰਵਾਉਣਾ ਆਦਿ ਉਸਦੇ ਮੁੱਖ ਕੰਮ ਸਨ।

(iv) ਸਦਰ-ਉਸ-ਸਦੂਰ :- ਇਹ ਧਾਰਮਿਕ ਵਿਭਾਗ ਦਾ ਮੁੱਖੀ ਹੁੰਦਾ ਸੀ। ਇਸ ਅਹੁਦੇ ਉੱਤੇ ਕਿਸੇ ਉੱਚ ਵਿਚਾਰਾਂ ਤੋਂ ਉੱਚਾ ਚਰਿੱਤਰ ਰੱਖਣ ਵਾਲੇ ਨੂੰ ਨਿਯੁਕਤ ਕੀਤਾ ਜਾਂਦਾ ਸੀ।

(v) ਮੁੱਖ ਕਾਜ਼ੀ :- ਮੁੱਖ ਕਾਜ਼ੀ ਨੂੰ ਕਾਜ਼ੀ-ਉਲ-ਕਜ਼ਾਤ ਵੀ ਕਿਹਾ ਜਾਂਦਾ ਸੀ। ਉਹ ਬਾਦਸ਼ਾਹ ਨੂੰ ਨਿਆਂ ਸਬੰਧੀ ਮਾਮਲਿਆਂ ਬਾਰੇ ਸਲਾਹ ਦਿੰਦਾ ਸੀ।

(vi) ਹੋਰ ਮੰਤਰੀ :- ਇਨ੍ਹਾਂ ਮੰਤਰੀਆਂ ਤੋਂ ਇਲਾਵਾ ਕਈ ਹੋਰ ਕੇਂਦਰੀ ਮੰਤਰੀ ਜਾਂ ਮੁੱਖ ਅਧਿਕਾਰੀ ਨਾਂ ਸਨ, ਜਿਵੇਂ ਮੀਰ ਆਤਿਸ਼, ਦਰੋਗਾ-ਏ-ਡਾਕਚੌਕੀ, ਮੀਰ-ਏ-ਬਾਰ, ਮੀਰ-ਏ-ਬਹਿਰ, ਦਰੋਗਾ-ਏ-ਟਕਸਾਲ ਆਦਿ।

**ਪ੍ਰਸ਼ਨ:-.ਮੁਗ਼ਲਾਂ ਦਾ ਪ੍ਰਾਂਤਕ ਸ਼ਾਸਨ ਪ੍ਰਬੰਧ ਕਿਹੋ ਜਿਹਾ ਸੀ?**

ਉੱਤਰ:- ਪ੍ਰਸ਼ਾਸਨ ਦੇ ਕੰਮ ਨੂੰ ਠੀਕ ਢੰਗ ਨਾਲ ਚਲਾਉਣ ਲਈ ਸਾਰੇ ਸਾਮਰਾਜ ਨੂੰ ਕਈ ਪ੍ਰਾਂਤਾਂ ਵਿਚ ਵੰਡਿਆ ਹੋਇਆ ਸੀ। ਹੇਠਾਂ ਲਿਖੇ ਅਧਿਕਾਰੀ ਪ੍ਰਾਂਤਾਂ ਦਾ ਕੰਮ ਚਲਾਉਂਦੇ ਸਨ:-

(i) ਸੂਬੇਦਾਰ :- ਹਰ ਇਕ ਪ੍ਰਾਂਤ ਦਾ ਮੁੱਖੀ ਸੂਬੇਦਾਰ ਹੁੰਦਾ ਸੀ। ਉਸ ਨੂੰ ਸਿਪਾਹਸਲਾਰ ਜਾਂ ਨਾਜ਼ਿਮ ਵੀ ਕਿਹਾ ਜਾਂਦਾ ਸੀ। ਉਸ ਦੀ ਨਿਯੁਕਤੀ ਬਾਦਸ਼ਾਹ ਆਪ ਕਰਦਾ ਸੀ ਅਤੇ ਉਹ ਪ੍ਰਾਂਤ ਦੇ ਪ੍ਰਬੰਧ ਲਈ ਜਿੰਮੇਵਾਰ ਹੁੰਦਾ ਸੀ। ਉਸ ਦਾ ਸਭ ਤੋਂ ਵੱਡਾ ਕਾਰਜ ਪ੍ਰਾਂਤ ਵਿਚ ਸ਼ਾਂਤੀ ਅਤੇ ਵਿਵਸਥਾ ਕਾਇਮ ਰੱਖਣਾ ਅਤੇ ਬਾਦਸ਼ਾਹ ਦੇ ਹੁਕਮਾਂ ਨੂੰ ਲਾਗੂ ਕਰਨਾ ਸੀ।

(ii) ਦੀਵਾਨ :- ਦੀਵਾਨ ਸੂਬੇ ਦੇ ਵਿੱਤ ਵਿਭਾਗ ਦਾ ਮੁੱਖੀ ਹੁੰਦਾ ਸੀ। ਉਸ ਦੇ ਮੁੱਖ ਕੰਮ ਪ੍ਰਾਂਤ ਦੀ ਆਮਦਨ ਤੇ ਖ਼ਰਚੇ ਦਾ ਹਿਸਾਬ ਰੱਖਣਾ, ਕਿਸਾਨਾਂ ਨੂੰ ਕਰਜ਼ੇ ਦੇਣਾ, ਮਾਲ ਵਿਭਾਗ ਦੇ ਕਰਮਚਾਰੀਆਂ ਦੀ ਨਿਗਰਾਨੀ ਕਰਨਾ ਆਦਿ ਸਨ।

(iii) ਬਖ਼ਸ਼ੀ :- ਬਖ਼ਸ਼ੀ ਪ੍ਰਾਂਤ ਦੀ ਸੈਨਾ ਦੀ ਭਰਤੀ ਕਰਦਾ ਸੀ, ਸੈਨਿਕਾਂ ਦੇ ਹੁਲੀਏ ਦਰਜ ਕਰਨ ਅਤੇ ਘੋੜਿਆਂ ਨੂੰ ਦਾਗਣ ਦਾ ਪ੍ਰਬੰਧ ਕਰਦਾ ਸੀ, ਸੈਨਿਕਾਂ ਦੀ ਤਰੱਕੀ ਅਤੇ ਤਬਦੀਲੀ ਕਰਵਾਉਂਦਾ ਸੀ ਅਤੇ ਸੈਨਿਕਾਂ ਨੂੰ ਅਨੁਸ਼ਾਸਨ ਵਿਚ ਰੱਖਦਾ ਸੀ। ਸੈਨਿਕਾਂ ਨੂੰ ਤਨਖਾਹਾਂ ਦੇਣਾ ਵੀ ਉਸ ਦਾ ਕੰਮ ਸੀ।

(iv) ਸਦਰ :- ਸਦਰ ਸੂਬੇ ਦੇ ਧਾਰਮਿਕ ਵਿਅਕਤੀਆਂ ਦੀ ਸੂਚੀ ਤਿਆਰ ਕਰਦਾ ਸੀ ਅਤੇ ਉਸ ਨੂੰ ਅਨੁਦਾਨ ਦਿੰਦਾ ਸੀ।ਉਹ ਧਰਮ ਅਰਥ ਵਿੱਚ ਦਿੱਤੀ ਗਈ ਭੂਮੀ ਦਾ ਵੀ ਪ੍ਰਬੰਧ ਕਰਦੀ ਸੀ।

(v) ਵਾਕਿਆ ਨਵੀਸ :- ਇਹ ਜਾਸੂਸੀ ਵਿਭਾਗ ਦਾ ਮੁਖੀ ਸੀ। ਉਹ ਪ੍ਰਾਂਤ ਵਿੱਚ ਹੋਣ ਵਾਲੀਆਂ ਸਭ ਘਟਨਾਵਾਂ ਦਾ ਰਿਕਾਰਡ ਰੱਖਦਾ ਸੀ।

(vi) ਕੋਤਵਾਲ:- ਸੂਬੇ ਦੇ ਮਹੱਤਵਪੂਰਨ ਸ਼ਹਿਰਾਂ ਵਿੱਚ ਪ੍ਰਸਿੱਧ ਕਰਮਚਾਰੀ ਹੁੰਦਾ ਸੀ ਜਿਸ ਨੂੰ ਕੋਤਵਾਲ ਕਹਿੰਦੇ ਸਨ। ਇਹ ਉੱਚ ਪੁਲਿਸ ਅਧਿਕਾਰੀ ਸੀ।

**ਪ੍ਰਸ਼ਨ:- ਮੁਗਲਾਂ ਦੇ ਸਥਾਨਿਕ ਪ੍ਰਬੰਧ ਦੀ ਜਾਣਕਾਰੀ ਦਿਓ।**

ਉੱਤਰ:- ਮੁਗਲ ਸਾਮਰਾਜ ਵਿੱਚ ਪ੍ਰਾਂਤਾਂ ਨੂੰ ਅੱਗੋਂ ਕੋਈ ਸਰਕਾਰਾਂ, ਪਰਗਨਿਆਂ ਅਤੇ ਪਿੰਡਾਂ ਵਿਚ ਵੰਡਿਆ ਹੋਇਆ ਸੀ।ਹੇਠ ਲਿਖੇ ਅਧਿਕਾਰੀ ਇਨ੍ਹਾਂ ਦਾ ਪ੍ਰਬੰਧ ਕਰਦੇ ਸਨ।

(ੳ) ਸਰਕਾਰ ਦਾ ਪ੍ਰਬੰਧ:-

(1) ਫੌਜਦਾਰ :- ਸਰਕਾਰ ਦਾ ਮੁੱਖ ਪ੍ਰਬੰਧਕ ਫ਼ੌਜਦਾਰ ਹੁੰਦਾ ਸੀ। ਉਹ ਸਰਕਾਰ ਵਿੱਚ ਸ਼ਾਂਤੀ ਵਿਵਸਥਾ ਸਥਾਪਿਤ ਰੱਖਦਾ ਸੀ। ਬਾਦਸ਼ਾਹ ਦੇ ਹੁਕਮ ਲਾਗੂ ਕਰਦਾ ਸੀ। ਉਹ ਚੋਰਾਂ ਡਾਕੂਆਂ ਤੋਂ ਲੋਕਾਂ ਦੀ ਰੱਖਿਆ ਦਾ ਪ੍ਰਬੰਧ ਕਰਦਾ ਸੀ।

(2) ਆਮਿਲ ਗੁਜ਼ਾਰ :- ਆਮਿਲ ਗੁਜ਼ਾਰ ਸਰਕਾਰ ਦੇ ਵਿੱਤ ਵਿਭਾਗ ਦਾ ਮੁਖੀ ਹੁੰਦਾ ਸੀ। ਉਸਦਾ ਮੁੱਖ ਕੰਮ ਲਗਾਨ ਇਕੱਠਾ ਕਰਨਾ ਸੀ। ਕਿਸਾਨਾਂ ਦੇ ਹਿੱਤਾਂ ਦੀ ਰੱਖਿਆ, ਭੂਮੀ ਦੀ ਉਪਜ ਵਧਾਉਣ ਦੇ ਯਤਨ ਕਰਨਾ ਅਤੇ ਦੀਵਾਨਾ ਨੂੰ ਆਪਣੇ ਪ੍ਰਦੇਸ਼ ਦੀ ਭੂਮੀ ਲਗਾਨ ਦੀ ਹਾਲਤ ਦੇ ਸੰਬੰਧ ਵਿਚ ਸੂਚਨਾ ਦੇਣਾ ਉਸਦੇ ਹੋਰ ਮੁੱਖ ਕੰਮ ਸਨ।

(3) ਬਿਤਿਕਚੀ ਅਤੇ ਖਜ਼ਾਨੇਦਾਰ :- ਆਮਿਲ ਗੁਜ਼ਾਰ ਦੀ ਮਦਦ ਲਈ ਦੋ ਕਰਮਚਾਰੀ ਹੁੰਦੇ ਸਨ, ਇਕ ਬਿਤਿਕਚੀ ਅਤੇ ਦੂਸਰਾ ਖਜ਼ਾਨੇਦਾਰ। ਬਿਤਿਕਚੀ ਭੂਮੀ-ਲਗਾਨ ਅਤੇ ਉਪਜ ਸੰਬੰਧੀ ਸਾਰੇ ਰਿਕਾਰਡ ਰੱਖਦਾ ਸੀ ਅਤੇ ਕਾਨੂੰਨਗੋਆਂ ਦੇ ਕੰਮਾਂ ਦੀ ਨਿਗਰਾਨੀ ਕਰਦਾ ਸੀ ।ਖਜ਼ਾਨੇਦਾਰ ਦਾ ਕੰਮ ਕਿਸਾਨਾਂ ਤੋਂ ਇਕੱਠੇ ਕੀਤੇ ਗਏ ਧਨ ਨੂੰ ਸਰਕਾਰੀ ਵਿਚ ਜਮ੍ਹਾਂ ਕਰਵਾਉਣਾ ਸੀ।

**ਪ੍ਰਸ਼ਨ:- ਮੁਗਲਾਂ ਅਧੀਨ ਪਰਗਨੇ ਅਤੇ ਪਿੰਡ ਦਾ ਪ੍ਰਬੰਧ ਕਿਵੇਂ ਚਲਾਇਆ ਜਾਂਦਾ ਸੀ?**

ਉੱਤਰ:-ਮੁਗਲਾਂ ਅਧੀਨ ਪਰਗਨੇ ਦਾ ਪ੍ਰਬੰਧ ਹੇਠ ਲਿਖੇ ਅਧਿਕਾਰੀ ਚਲਾਉਂਦੇ ਸਨ:- (i) ਸ਼ਿਕਦਾਰ :- ਸ਼ਿਕਦਾਰ ਪਰਗਨੇ ਦੇ ਪ੍ਰਬੰਧ ਦਾ ਮੁਖੀ ਹੁੰਦਾ ਸੀ। ਉਸ ਦੇ ਕੰਮ ਪਰਗਨੇ ਵਿੱਚ ਸ਼ਾਂਤੀ ਸਥਾਪਿਤ ਰੱਖਣਾ, ਫੌਜ਼ਦਾਰੀ ਅਤੇ ਦੀਵਾਨੀ ਮੁਕੱਦਮਿਆਂ ਦਾ ਫ਼ੈਸਲਾ ਕਰਨਾ ਸੀ। ਉਸ ਦੀ ਸਿਫ਼ਾਰਸ਼ ਤੇ ਕਿਸਾਨਾਂ ਨੂੰ ਕਰਜ਼ੇ ਵੰਡੇ ਜਾਂਦੇ ਸਨ।

(ii) ਆਮਿਲ :- ਆਮਿਲ ਜਾਂ ਮੁਨਸਿਫ਼ ਪਰਗਨੇ ਦੇ ਵਿੱਤ ਵਿਭਾਗ ਦਾ ਮੁਖੀਆ ਹੁੰਦਾ ਸੀ। ਪਰਗਨੇ ਵਿਚ ਲਗਾਨ ਇਕੱਠਾ ਕਰਨਾ ਅਤੇ ਦੀਵਾਨੀ ਮੁਕੱਦਮਿਆਂ ਦਾ ਫੈਸਲਾ ਕਰਨਾ ਉਸ ਦੇ ਪ੍ਰਮੁੱਖ ਕੰਮ ਸਨ।

(iii) ਪੋਤਦਾਰ ਅਤੇ ਕਾਨੂੰਨਗੋ :- ਪੋਤਦਾਰ ਅਤੇ ਕਾਨੂੰਨਗੋ ਦੋਵੇਂ ਆਮਿਲ ਦੀ ਮੱਦਦ ਕਰਦੇ ਸਨ। ਪੋਤਦਾਰ ਦਾ ਮੁੱਖ ਕੰਮ ਭੂਮੀ-ਲਗਾਨ ਸੰਬੰਧੀ ਰਿਕਾਰਡ ਰੱਖਣਾ ਸੀ। ਉਹ ਭੂਮੀ ਲਗਾਨ ਇਕੱਠਾ ਕਰਕੇ ਸਰਕਾਰੀ ਖਜਾਨੇ ਵਿਚ ਜਮ੍ਹਾਂ ਕਰਵਾਉਂਦਾ ਸੀ। ਕਾਨੂੰਨਗੋ ਪਰਗਨੇ ਵਿਚਲੀ ਖੇਤੀ ਵਾਲੀ ਜ਼ਮੀਨ ਅਤੇ ਫ਼ਸਲਾਂ ਦਾ ਰਿਕਾਰਡ ਰੱਖਦਾ ਸੀ।

ਪਿੰਡ ਦਾ ਪ੍ਰਬੰਧ ਹੇਠ ਲਿਖੇ ਅਧਿਕਾਰੀ ਚਲਾਉਂਦੇ ਸਨ:- ਪਿੰਡਾਂ ਦਾ ਪ੍ਰਬੰਧ ਪੰਚਾਇਤਾਂ ਚਲਾਉਂਦੀਆਂ ਸਨ। ਪੰਚਾਇਤ ਵਿੱਚ ਪਿੰਡਾਂ ਦੇ ਪ੍ਰਭਾਵਸ਼ਾਲੀ ਵਿਅਕਤੀ ਹੁੰਦੇ ਸਨ । ਮੁਕੱਦਮ ਪਿੰਡਾਂ ਦਾ ਲਗਾਨ ਇਕੱਠਾ ਕਰਦਾ ਸੀ । ਚੌਕੀਦਾਰ ਦੀ ਮਦਦ ਨਾਲ ਪਿੰਡ ਵਿੱਚ ਸ਼ਾਂਤੀ ਕਾਇਮ ਕਰਦਾ ਸੀ। ਚੌਂਕੀਦਾਰ ਦਾ ਮੁੱਖ ਕੰਮ ਪਿੰਡ ਦੀ ਰੱਖਿਆ ਕਰਨਾ ਸੀ ਪਿੰਡਾਂ ਵਿੱਚ ਸ਼ਾਂਤੀ ਕਾਇਮ ਰੱਖਣ ਵਿੱਚ ਮੁਕੱਦਮ ਦੀ ਮਦਦ ਕਰਦਾ ਸੀ। ਪਟਵਾਰੀ ਪਿੰਡ ਦੀ ਸਾਰੀ ਭੂਮੀ ਦਾ ਰਿਕਾਰਡ ਰੱਖਦਾ ਸੀ ਤੇ ਉਹ ਜਮੀਨ ਦੇ ਲਗਾਨ ਦਾ ਵੀ ਰਿਕਾਰਡ ਰੱਖਦਾ ਸੀ।

**ਪ੍ਰਸ਼ਨ:- ਮੁਗਲਾਂ ਅਧੀਨ ਲਗਾਨ ਪ੍ਰਬੰਧ ਦਾ ਵਰਨਣ ਕਰੋ।**

ਉੱਤਰ: ਮੁਗ਼ਲ ਰਾਜ ਸਮੇਂ ਰਾਜ ਦੀ ਆਮਦਨ ਦਾ ਮੁੱਖ ਸੋਮਾ ਭੂਮੀ ਦਾ ਲਗਾਨ ਸੀ। ਇਸ ਲਈ ਦੇਸ਼ ਦੀ ਖੁਸ਼ਹਾਲੀ ਉਸ ਸਮੇਂ ਦੀ ਲਗਾਨ ਪ੍ਰਣਾਲੀ ਉੱਤੇ ਨਿਰਭਰ ਸੀ। ਅਕਬਰ ਨੇ ਪ੍ਰਚਲਿਤ ਲਗਾਨ ਪ੍ਰਣਾਲੀ ਵਿਚ ਕਈ ਤਰਾਂ ਦੇ ਸੁਧਾਰ ਕੀਤੇ। ਸਾਰੇ ਸਾਮਰਾਜ ਵਿਚ ਇੱਕੋ ਹੀ ਲਗਾਨ ਪ੍ਰਣਾਲੀ ਨਹੀਂ ਸੀ।ਸਾਮਰਾਜ ਦੇ ਬਹੁਤੇ ਹਿੱਸਿਆ ਵਿਚ ਜਬਤੀ ਪ੍ਰਣਾਲੀ ਸਥਾਪਿਤ ਕੀਤੀ ਗਈ ਸੀ ਅਤੇ ਬਾਕੀ ਹਿੱਸਿਆਂ ਵਿੱਚ ਗੱਲਾ ਬਖਸ਼ੀ ਅਤੇ ਨਸਕ ਪ੍ਰਣਾਲੀਆਂ ਪ੍ਰਚਲਿਤ ਸਨ।

1. ਜ਼ਬਤੀ ਪ੍ਰਣਾਲੀ :- ਅਕਬਰ ਨੇ ਕਈ ਤਜਰਬਿਆਂ ਵਿਚੋਂ ਭੂਮੀ ਲਗਾਨ ਉਗਰਾਹੁਣ ਦਾ ਇਕ ਨਵਾਂ ਪ੍ਰਬੰਧ ਲਾਗੂ ਕੀਤਾ, ਜਿਸ ਨੂੰ 'ਜ਼ਬਤੀ ਪ੍ਰਣਾਲੀ" ਜਾਂ 'ਟੋਡਰ ਮੱਲ ਦਾ ਬੰਦੋਬਸਤ' ਆਖਿਆ ਜਾਂਦਾ ਹੈ। ਇਹ ਪ੍ਰਣਾਲੀ ਲਾਹੌਰ, ਦਿੱਲੀ, ਆਗਰਾ, ਇਲਾਹਾਬਾਦ, ਮਾਲਵਾ, ਅਜਮੇਰ, ਅਵਧ ਅਤੇ ਮੁਲਤਾਨ ਦੇ ਪ੍ਰਾਂਤਾਂ ਵਿੱਚ ਪ੍ਰਚਲਿਤ ਕੀਤੀ ਗਈ। ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਸਨ:-

1) ਭੂਮੀ ਦੀ ਪੈਮਾਇਸ਼ :- ਜ਼ਬਤੀ ਪ੍ਰਣਾਲੀ ਅਧੀਨ ਅਕਬਰ ਨੇ ਸਭ ਤੋਂ ਪਹਿਲਾਂ ਖੇਤੀ ਯੋਗ ਜ਼ਮੀਨ ਦੀ ਪੈਮਾਇਸ਼ ਕਰਵਾਈ। ਉਸ ਨੇ ਪੈਮਾਇਸ਼ ਲਈ ਸ਼ੇਰ ਸ਼ਾਹ ਸੂਰੀ ਦੇ ਸਮੇਂ ਦੀ ਰੱਸੀ ਦੀ ਥਾਂ ਤੇ ਇੱਕ ਨਵੀਂ ਜਰੀਬ ਲਾਗੂ ਕੀਤੀ ਜੋ ਬਾਸ ਦੀ ਬਣੀ ਹੋਈ ਸੀ ਅਤੇ ਉਸ ਦੇ ਦੋਹਾਂ ਸਿਰਿਆਂ ਉੱਤੇ ਲੋਹੇ ਦੀਆਂ ਪੱਤੀਆਂ ਲੱਗੀਆਂ ਹੋਈਆਂ ਸਨ।

(2) ਭੂਮੀ ਦਾ ਵਰਗੀਕਰਨ:- ਅਕਬਰ ਨੇ ਜ਼ਬਤੀ ਪ੍ਰਣਾਲੀ ਅਧੀਨ ਸਾਰੀ ਭੂਮੀ ਨੂੰ ਚਾਰ ਵਰਗਾਂ ਵਿਚ ਵੰਡਿਆ:-

ਪੋਲਾਜ਼ :-ਇਹ ਸਭ ਤੋਂ ਪਹਿਲੇ ਦਰਜੇ ਦੀ ਭੂਮੀ ਸੀ।ਇਸ ਵਿੱਚ ਸਾਰਾ ਸਾਲ ਖੇਤੀ ਕੀਤੀ ਜਾ ਸਕਦੀ ਸੀ।

ਪਰੌਤੀ : ਇਹ ਦੂਜੇ ਦਰਜੇ ਦੀ ਭੂਮੀ ਸੀ, ਜਿਸ ਵਿਚ ਲਗਾਤਾਰ ਖੇਤੀ ਨਹੀਂ ਸੀ ਹੁੰਦੀ, ਸਗੋਂ ਇਸ ਨੂੰ ਕੁਝ ਸਮੇਂ ਦੇ ਪਿੱਛੋਂ ਇੱਕ ਜਾਂ ਦੋ ਸਾਲਾਂ ਲਈ ਖਾਲੀ ਛੱਡਣਾ ਪੈਂਦਾ ਸੀ।

ਛੱਛਰ :- ਇਹ ਤੀਜੇ ਦਰਜੇ ਦੀ ਭੂਮੀ ਸੀ, ਜਿਸ ਨੂੰ ਇੱਕ ਫ਼ਸਲ ਤੋਂ ਬਾਅਦ ਤਿੰਨ ਜਾਂ ਚਾਰ ਸਾਲਾਂ ਲਈ ਖਾਲੀ ਛੱਡਣਾ ਪੈਂਦਾ ਸੀ।

ਬੰਜਰ :- ਇਹ ਚੌਥੇ ਅਤੇ ਸਭ ਤੋਂ ਘਟੀਆ ਦਰਜੇ ਦੀ ਜ਼ਮੀਨ ਸੀ, ਜਿਸ ਨੂੰ ਕੁਝ ਪੈਦਾਵਾਰ ਲੈਣ ਲਈ ਪੰਜ ਸਾਲਾਂ ਤੋਂ ਵੀ ਵੱਧ ਸਮੇਂ ਤਕ ਖਾਲੀ ਛੱਡਣਾ ਪੈਂਦਾ ਸੀ।

(3) ਭੂਮੀ ਲਗਾਨ ਦੀ ਦਰ : ਪੋਲਾਜ ਅਤੇ ਪਰੌਤੀ ਕਿਸਮ ਦੀ ਧਰਤੀ ਤੋਂ ਸਰਕਾਰ ਉਪਜ ਦਾ 1/3 ਹਿੱਸਾ ਲਗਾਨ ਦੇ ਰੂਪ ਵਿੱਚ ਲੈਂਦੀ ਸੀ। ਛੱਛਰ ਭੂਮੀ ਤੋਂ ਉਪਜ ਦਾ 1/15 ਤੋਂ 2/15 ਲੈਂਦੀ ਸੀ।

2. ਗੱਲਾਬਖਸ਼ੀ ਪ੍ਰਣਾਲੀ :- ਸਿੰਧ, ਕਸ਼ਮੀਰ ਅਤੇ ਕਾਬਲ ਦੇ ਸੂਬਿਆਂ ਵਿੱਚ ਇੱਕ ਪੁਰਾਣੀ ਪ੍ਰਣਾਲੀ ਹੀ ਪ੍ਰਚਲਿਤ ਰਹੀ, ਜਿਸ ਨੂੰ ਗੱਲਾਂ-ਬਖਸ਼ੀ ਪ੍ਰਣਾਲੀ ਕਿਹਾ ਜਾਂਦਾ ਸੀ। ਇਸ ਨੂੰ ਬਟਾਈ ਪ੍ਰਣਾਲੀ ਵੀ ਕਿਹਾ ਜਾਂਦਾ ਸੀ। ਇਸ ਪ੍ਰਣਾਲੀ ਦੇ ਅਨੁਸਾਰ ਜਦੋਂ ਫਸਲ ਕੱਟ ਲਈ ਜਾਂਦੀ ਸੀ ਤਾਂ ਉਸ ਨੂੰ ਤਿੰਨ ਬਰਾਬਰ ਭਾਗਾਂ ਵਿਚ ਵੰਡ ਦਿੱਤਾ ਜਾਂਦਾ ਸੀ। ਇੱਕ ਹਿੱਸਾ ਸਰਕਾਰ ਲੈ ਲੈਂਦੀ ਸੀ ਅਤੇ ਬਾਕੀ ਦੋ ਹਿੱਸਿਆਂ ਉੱਤੇ ਕਿਸਾਨਾਂ ਦਾ ਅਧਿਕਾਰ ਹੁੰਦਾ ਸੀ ।

3 . ਨਸ਼ਕ ਪ੍ਰਣਾਲੀ :- ਬੰਗਾਲ ਵਿੱਚ ਨਸਕ ਪ੍ਰਣਾਲੀ ਪ੍ਰਚਲਿਤ ਸੀ। ਇਸ ਨੂੰ ਠੇਕੇਦਾਰੀ ਪ੍ਰਬੰਧ ਵੀ ਕਿਹਾ ਜਾਂਦਾ ਸੀ। ਇੱਥੇ ਇੱਕ ਹੀ ਵਿਅਕਤੀ ਸਾਰਾ ਲਗਾਨ ਇਕੱਠਾ ਕਰਦਾ ਸੀ ਅਤੇ ਸਰਕਾਰੀ ਭਾਗ, ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾ ਦਿੰਦਾ ਸੀ। ਜ਼ਿਆਦਾਤਰ ਇਹ ਕੰਮ ਪਿੰਡ ਦਾ ਮੁਕੱਦਮ ਕਰਦਾ ਸੀ।

**ਪ੍ਰਸ਼ਨ: ਭਗਤ ਕਬੀਰਾਤੇ ਸੰਖੇਪ ਨੋਟ ਲਿਖੋ।**

ਉੱਤਰ :- ਭਗਤ ਕਬੀਰ ਜੀ ਭਗਤੀ ਲਹਿਰ ਦੇ ਮਹਾਨ ਪ੍ਰਚਾਰਕਾਂ ਵਿੱਚੋਂ ਇੱਕ ਸਨ । ਆਪ ਜੀ ਦਾ ਜਨਮ 1398 ਈ. ਵਿੱਚ ਬਨਾਰਸ ਵਿਖੇ ਹੋਇਆ ਸੀ । ਭਗਤ ਕਬੀਰ ਜੀ ਦਾ ਜਨਮ ਇੱਕ ਹਿੰਦੂ ਪਰਿਵਾਰ ਵਿੱਚ ਹੋਇਆ ਸੀ ਪਰੰਤੂ ਉਨ੍ਹਾਂ ਦਾ ਪਾਲਣ-ਪੋਸ਼ਣ ਇੱਕ ਮੁਸਲਿਮ ਪਰਿਵਾਰ ਵਿੱਚ ਹੋਇਆ । ਸੰਤ ਕਬੀਰ ਜੀ ਦਾ ਵਿਆਹ ਲੋਈ ਨਾਂ ਦੀ ਲੜਕੀ ਨਾਲ ਹੋਇਆ । ਉਨ੍ਹਾਂ ਦੇ ਘਰ ਕਮਾਲ ਅਤੇ ਕਮਾਲੀ ਨਾਂ ਦੇ ਦੋ ਬੱਚਿਆਂ ਨੇ ਜਨਮ ਲਿਆ । ਗ੍ਰਹਿਸਥ ਵਿੱਚ ਰਹਿਣ ਦੇ ਬਾਵਜੂਦ ਕਬੀਰ ਜੀ ਆਪਣਾ ਵਧੇਰੇ ਸਮਾਂ ਪ੍ਰਭੂ ਭਗਤੀ ਵਿੱਚ ਬਤੀਤ ਕਰਦੇ ਸਨ । ਉਹ ਮਹਾਨ ਭਗਤ ਰਾਮਾਨੰਦ ਦੇ ਵਿਚਾਰਾਂ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਦੇ ਚੇਲੇ ਬਣ ਗਏ । ਕਬੀਰ ਜੀ ਨੇ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਸਥਾਨਕ ਭਾਸ਼ਾ ਵਿੱਚ ਕੀਤਾ । ਉਨ੍ਹਾਂ ਨੇ ਇੱਕ ਪਰਮਾਤਮਾ ਦੀ ਭਗਤੀ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੱਤਾ । ਉਨ੍ਹਾਂ ਨੇ ਸਮਾਜ ਵਿੱਚ ਪ੍ਰਚਲਿਤ ਮੂਰਤੀ ਪੂਜਾ, ਜਾਤੀ ਪ੍ਰਥਾ, ਬਾਲ ਵਿਆਹ ਅਤੇ ਸਤੀ ਪ੍ਰਥਾ ਆਦਿ ਦਾ ਜ਼ੋਰਦਾਰ ਵਿਰੋਧ ਕੀਤਾ । ਉਨ੍ਹਾਂ ਨੇ ਬਹੁਤ ਸਾਰੇ ਭਗਤੀ ਸਾਹਿਤ ਦੀ ਰਚਨਾ ਕੀਤੀ । ਭਗਤ ਕਬੀਰ ਜੀ ਦੀਆਂ ਰਚਨਾਵਾਂ ਬੀਜਕ ਨਾਂ ਦੇ ਗ੍ਰੰਥ ਵਿੱਚ ਦਰਜ਼ ਹਨ। ਕਬੀਰ ਜੀ ਦੇ ਸ਼ਬਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਸ਼ਾਮਲ ਹਨ । 1518 ਈ: ਵਿੱਚ ਆਪ ਅਕਾਲ ਚਲਾਣਾ ਕਰ ਗਏ। ਕਬੀਰ ਜੀ ਦੇ ਸ਼ਰਧਾਲੂਆਂ ਨੂੰ ਕਬੀਰ ਪੰਥੀ ਕਿਹਾ ਜਾਂਦਾ ਹੈ।

**ਪ੍ਰਸ਼ਨ:. ਭਗਤੀ ਲਹਿਰ ਦੀ ਉਤਪੱਤੀ ਦੇ ਕਾਰਨ ਦੱਸੋ?**

ਉੱਤਰ:-ਭਗਤੀ ਲਹਿਰ ਦੀ ਉਤਪੱਤੀ ਦੇ ਕਾਰਨ ਹੇਠ ਲਿਖੇ ਹਨ:-

1. ਮੱਧਕਾਲ ਵਿੱਚ ਹਿੰਦੂ ਧਰਮ ਦੀਆਂ ਬਹੁਤ ਸਾਰੀਆਂ ਬੁਰਾਈਆਂ ਆ ਗਈਆਂ ਸਨ। ਇਸ ਕਾਰਨ ਇਸ ਦਾ ਪਤਨ ਹੋਣਾ ਸ਼ੁਰੂ ਹੋ ਗਿਆ ਸੀ ।ਲੋਕ ਇੱਕ ਈਸ਼ਵਰ ਦੀ ਭਗਤੀ ਨੂੰ ਭੁੱਲ ਕੇ ਕਈ ਦੇਵੀ ਦੇਵਤਿਆਂ ਦੀ ਪੂਜਾ ਕਰਨ ਲੱਗ ਪਏ ਸਨ । ਇਸ ਤੋਂ ਇਲਾਵਾ ਉਨ੍ਹਾਂ ਨੇ ਪੱਥਰਾਂ, ਦਰੱਖਤਾ, ਜਾਨਵਰਾਂ, ਨਦੀਆਂ ਆਦਿ ਦੀ ਵੀ ਪੂਜਾ ਸ਼ੁਰੂ ਕਰ ਦਿੱਤੀ ਸੀ ।

2. ਬ੍ਰਾਹਮਣ ਜੋਂ ਹਿੰਦੂਆਂ ਦੀ ਪੁਜਾਰੀ ਜਮਾਤ ਸੀ, ਲੋਕਾਂ ਨੂੰ ਠੀਕ ਮਾਰਗ ਵਿਖਾਉਣ ਦੀ ਥਾਂ ਆਪ ਭੋਗ-ਵਿਲਾਸ ਵਿੱਚ ਗ੍ਰਸਤ ਰਹਿੰਦੇ ਸਨ । ਉਨ੍ਹਾਂ ਦਾ ਮੁੱਖ ਉਦੇਸ਼ ਧਰਮ ਦੇ ਨਾਂ 'ਤੇ ਲੋਕਾਂ ਨੂੰ ਕਿਸੇ ਨਾ ਕਿਸੇ ਬਹਾਨੇ ਲੁੱਟਣਾ ਸੀ ।

3. ਉਸ ਸਮੇਂ ਲੋਕਾਂ ਵਿੱਚ ਭਾਰੀ ਅੰਧ-ਵਿਸ਼ਵਾਸ ਫੈਲਿਆ ਹੋਇਆ ਸੀ । ਉਹ ਫਜ਼ੂਲ ਦੇ ਰੀਤੀ ਰਿਵਾਜਾਂ ਅਤੇ ਜਾਦੂ- ਟੂਣਿਆਂ ਵਿੱਚ ਵਿਸ਼ਵਾਸ ਕਰਨ ਲੱਗ ਪਏ ਸਨ । 4. ਹਿੰਦੂ ਸਮਾਜ ਵਿੱਚ ਨੀਵੀਆਂ ਜਾਤਾਂ ਨਾਲ ਬੜੀ ਨਫਰਤ ਕੀਤੀ ਜਾਂਦੀ ਸੀ । ਪਰ ਇਸਲਾਮ ਧਰਮ ਵਿੱਚ ਸਾਰਿਆ ਨਾਲ ਸਮਾਨਤਾ ਦਾ ਵਿਹਾਰ ਕੀਤਾ ਜਾਂਦਾ ਸੀ। ਉਸ ਸਮੇਂ ਇਸਲਾਮ ਧਰਮ ਬਹੁਤ ਸਾਦਾ ਸੀ । ਇਸ ਵਿੱਚ

ਫਜ਼ੂਲ ਦੇ ਰੀਤੀ-ਰਿਵਾਜਾਂ ਲਈ ਕੋਈ ਥਾਂ ਨਹੀਂ ਸੀ। ਇਨ੍ਹਾਂ ਕਾਰਨਾਂ ਸਰਕੇ ਬਹੁਤ ਸਾਰੇ ਹਿੰਦੂ ਵਿਸ਼ੇਸ਼ ਤੌਰ 'ਤੇ ਨੀਵੀਆਂ ਜਾਤਾਂ ਨਾਲ ਸੰਬੰਧ ਰੱਖਣ ਵਾਲੇ ਇਸਲਾਮ ਧਰਮ ਵਿੱਚ ਸ਼ਾਮਲ ਹੋਣੇ ਸ਼ੁਰੂ ਹੋ ਗਏ ਸਨ। ਇਸ ਕਾਰਨ ਹਿੰਦੂ ਧਰਮ ਦੀ ਹੋਂਦ ਨੂੰ ਇੱਕ ਬਹੁਤ ਵੱਡਾ ਖ਼ਤਰਾ ਪੈਦਾ ਹੋ ਗਿਆ ਸੀ।

5. ਮੱਧ ਕਾਲ ਵਿੱਚ ਭਾਰਤ ਦੇ ਵੱਖ ਵੱਖ ਭਾਗਾਂ ਵਿੱਚ ਕਈ ਮਹਾਨ ਧਰਮ ਸੁਧਾਰਕਾਂ ਨੇ ਜਨਮ ਲਿਆ। ਇਨ੍ਹਾਂ ਵਿੱਚੋਂ ਸ਼ੰਕਰਾਚਾਰੀਆ, ਰਾਮਾਨੁਜ, ਰਾਮਾਨੰਦ, ਚੈਤੰਨਯ ਮਹਾਪ੍ਰਭੂ, ਨਾਮ ਦੇਵ, ਜੈਦੇਵ, ਕਬੀਰ ਅਤੇ ਗੁਰੂ ਨਾਨਕ ਦੇਵ ਜੀ ਆਦਿ ਦੇ ਨਾਂ ਵਿਸ਼ੇਸ਼ ਵਰਣਨਯੋਗ ਹਨ। ਉਨ੍ਹਾਂ ਨੇ ਹਿੰਦੂ ਧਰਮ ਤੇ ਸਮਾਜ ਵਿੱਚ ਪ੍ਰਚਲਿਤ ਸਾਰੀਆਂ ਬੁਰਾਈਆਂ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ।

**ਪ੍ਰਸ਼ਨ . ਭਗਤੀ ਲਹਿਰ ਦੇ ਪ੍ਰਮੁੱਖ ਸਿਧਾਂਤਾਂ ਦਾ ਵਰਣਨ ਕਰੋ।**

ਉੱਤਰ:- ਭਗਤੀ ਲਹਿਰ ਦੇ ਸਾਰੇ ਪ੍ਰਚਾਰਕਾਂ ਨੇ ਇੱਕ ਪਰਮਾਤਮਾ ਦੀ ਭਗਤੀ 'ਤੇ ਜ਼ੋਰ ਦਿੱਤਾ। ਉਨ੍ਹਾਂ ਅਨੁਸਾਰ ਰਾਮ ਕ੍ਰਿਸਨ, ਅੱਲ੍ਹਾ, ਖ਼ੁਦਾ ਆਦਿ ਇੱਕ ਹੀ ਪਰਮਾਤਮਾ ਦੇ ਕਈ ਨਾ ਹਨ। ਪਰਮਾਤਮਾ ਹੀ ਸਰਵ-ਵਿਆਪਕ ਅਤੇ ਸਰਵ-ਸ਼ਕਤੀਮਾਨ ਹੈ।

2. ਕਬੀਰ ਜੀ, ਨਾਮਦੇਵ ਜੀ, ਗੁਰੂ ਨਾਨਕ ਦੇਵ ਜੀ ਆਦਿ ਭਗਤ ਸਹਿਬਾਨਾਂ ਨੇ ਮੁਕਤੀ ਪ੍ਰਾਪਤ ਕਰਨ ਲਈ ਗੁਰੂ ਦਾ ਹੋਣਾ ਜ਼ਰੂਰੀ ਦੱਸਿਆ। ਗੁਰੂ ਭਗਤੀ ਦੇ ਮਾਰਗ ਉੱਤੇ ਚੱਲਣ ਦੀ ਜਾਂਚ ਦੱਸਦਾ ਹੈ। ਗੁਰੂ ਨਾਨਕ ਦੇਵ ਜੀ ਨੇ ਗੁਰੂ ਨੂੰ ਪਰਮਾਤਮਾ ਤੱਕ ਪਹੁੰਚਾਉਣ ਵਾਲੀ ਅਸਲੀ ਪੌੜੀ ਦੱਸਿਆ।

3. ਭਗਤੀ ਲਹਿਰ ਦੇ ਪ੍ਰਚਾਰਕਾਂ ਅਨੁਸਾਰ ਮਨੁੱਖ ਨੂੰ ਆਪਣਾ ਸਭ ਕੁਝ ਉਸ ਪਰਮ ਪਿਤਾ ਪਰਮਾਤਮਾ ਤੋਂ ਕੁਰਬਾਨ ਕਰ ਦੇਣਾ ਚਾਹੀਦਾ ਹੈ।

4. ਭਗਤੀ ਲਹਿਰ ਦੇ ਸੰਤਾਂ ਨੇ ਵਿਅਕਤੀ ਨੂੰ ਕਾਮ ਕ੍ਰੋਧ ਮੋਹ ਲੋਭ ਅਹੰਕਾਰ ਆਦਿ ਦਾ ਤਿਆਗ ਕਰਕੇ ਪਵਿੱਤਰ ਜੀਵਨ ਜਿਉਣ ਦਾ ਸੰਦੇਸ਼ ਦਿੱਤਾ।

5. ਭਗਤੀ ਲਹਿਰ ਦੇ ਪ੍ਰਚਾਰਕਾਂ ਨੇ ਜਾਤੀ ਪ੍ਰਥਾ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ। ਉਨਾਂ ਅਨੁਸਾਰ ਹਰ ਮਨੁੱਖ ਵਿੱਚ ਪਰਮਾਤਮਾ ਦੀ ਜੋਤ ਮੌਜੂਦ ਹੈ ਇਸ ਲਈ ਸਾਰੇ ਮਨੁੱਖ ਬਰਾਬਰ ਹਨ।

6. ਭਗਤੀ ਲਹਿਰ ਦੇ ਪ੍ਰਚਾਰਕਾਂ ਨੇ ਸਮਾਜ ਵਿੱਚ ਪ੍ਰਚਲਿਤ ਖੋਖਲੇ ਰੀਤੀ ਰਿਵਾਜਾਂ ਦਾ ਖੰਡਨ ਕੀਤਾ ਉਹ ਮੂਰਤੀ ਪੂਜਾ ਤੀਰਥ ਯਾਤਰਾ ਕਰਨ ਵਰਤ ਜਾਂ ਰੋਜੇ ਰੱਖਣ ਸਰਾਧ ਆਦਿ ਦੇ ਵਿਰੁੱਧ ਸਨ।

**ਪ੍ਰਸ਼ਨ . ਫ਼ਰਾਂਸੀਸੀ ਕੰਪਨੀ ਦੇ ਵਿਰੁੱਧ ਅੰਗਰੇਜ਼ੀ ਕੰਪਨੀ ਦੀ ਸਫ਼ਲਤਾ ਦੇ ਕੀ ਕਾਰਨ ਸਨ ?**

ਉੱਤਰ—ਫ਼ਰਾਂਸੀਸੀ ਕੰਪਨੀ ਦੇ ਵਿਰੁੱਧ ਅੰਗਰੇਜ਼ੀ ਕੰਪਨੀ ਦੀ ਸਫ਼ਲਤਾ ਦੇ ਹੇਠ ਲਿਖੇ ਕਾਰਨ ਸਨ:-

(1) ਅੰਗਰੇਜ਼ੀ ਈਸਟ ਇੰਡੀਆ ਕੰਪਨੀ ਦੀ ਫ਼ਰਾਂਸੀਸੀ ਕੰਪਨੀ ਦੇ ਮੁਕਾਬਲੇ ਆਰਥਿਕ ਹਾਲਤ ਬਹੁਤ ਚੰਗੀ ਸੀ।

(ii) ਅੰਗਰੇਜ਼ਾਂ ਦੀ ਸਮੁੰਦਰੀ ਸ਼ਕਤੀ ਫ਼ਰਾਂਸੀਸੀਆਂ ਦੇ ਮੁਕਾਬਲੇ ਵਧੇਰੇ ਸ਼ਕਤੀਸ਼ਾਲੀ ਸੀ।

(ii) ਅੰਗਰੇਜ਼ਾਂ ਦੇ ਕਮਾਂਡਰ ਫ਼ਰਾਂਸੀਸੀਆਂ ਦੇ ਮੁਕਾਬਲੇ ਵਧੇਰੇ ਸੁਲਝੇ ਹੋਏ ਸਨ।

(iv) ਡੁਪਲੇ ਨੂੰ ਵਾਪਸ ਬੁਲਾ ਕੇ ਫ਼ਰਾਂਸ ਨੇ ਆਪਣੇ ਮੂਰਖਤਾ ਦੀ ਉਦਾਹਰਨ ਦਿੱਤੀ। (v) ਯੂਰਪ ਦੀਆਂ ਲੜਾਈਆਂ ਵਿੱਚ ਉਲਝੇ ਹੋਣ ਕਾਰਨ ਫ਼ਰਾਂਸ ਭਾਰਤ ਵਿੱਚ ਆਪਣੀਆਂ ਬਸਤੀਆਂ ਵੱਲ ਧਿਆਨ ਨਹੀਂ ਦੇ ਸਕਿਆ।

**ਪ੍ਰਸ਼ਨ . ਪਲਾਸੀ ਦੀ ਲੜਾਈ ਦੇ ਕੀ ਸਿੱਟੇ ਨਿਕਲੇ ?**

ਉੱਤਰ-ਪਲਾਸੀ ਦੀ ਲੜਾਈ ਦੇ ਹੇਠ ਲਿਖੇ ਮਹੱਤਵਪੂਰਨ ਸਿੱਟੇ ਨਿਕਲੇ :-

1. ਇਸ ਨਾਲ ਅੰਗਰੇਜ਼ਾਂ ਦਾ ਬੰਗਾਲ 'ਤੇ ਕਾਫ਼ੀ ਪ੍ਰਭਾਵ ਵੱਧ ਗਿਆ। ਮੀਰ ਜਾਫਰ ਨੂੰ ਬੰਗਾਲ ਦਾ ਨਵਾਬ ਬਣਾਇਆ ਗਿਆ। ਉਹ ਅੰਗਰੇਜ਼ਾਂ ਦੇ ਹੱਥ ਵਿੱਚ ਇੱਕ ਕਠਪੁਤਲੀ ਤੋਂ ਵੱਧ ਹੋਰ ਕੁਝ ਨਹੀਂ ਸੀ। ਉਸਨੇ ਇੱਕ ਬਹੁਤ ਵੱਡੀ ਰਕਮ ਕੰਪਨੀ ਅਤੇ ਉਸ ਦੇ ਕਰਮਚਾਰੀਆਂ ਨੂੰ ਦਿੱਤੀ।

2. ਕੰਪਨੀ ਨੂੰ ਸੂਬੇ ਵਿੱਚ ਬਿਨਾਂ ਕਰ ਦਿੱਤੇ ਵਪਾਰ ਕਰਨ ਅਤੇ ਸਿੱਕੇ ਬਣਾਉਣ ਦਾ ਅਧਿਕਾਰ ਪ੍ਰਾਪਤ ਹੋਇਆ।ਇਸ ਕਾਰਨ ਕੰਪਨੀ ਦੀ ਆਮਦਨ ਵਿੱਚ ਕਾਫ਼ੀ ਵਾਧਾ ਹੋਇਆ। ਇਸ ਜਿੱਤ ਕਾਰਨ ਅੰਗਰੇਜ਼ਾਂ ਲਈ ਭਾਰਤ ਨੂੰ ਜਿੱਤਣ ਦ ਰਾਹ ਖੁੱਲ੍ਹ ਗਿਆ।

**ਪ੍ਰਸ਼ਨ . ਬਕਸਰ ਦੀ ਲੜਾਈ ਦੇ ਕੀ ਕਾਰਨ ਸਨ ?**

ਉੱਤਰ— ਬਕਸਰ ਦੀ ਲੜਾਈ ਦੇ ਹੇਠ ਲਿਖੇ ਕਾਰਨ ਸਨ :-

1.ਮੀਰ ਕਾਸਿਮ ਅੰਗਰੇਜ਼ਾਂ ਦੇ ਹੱਥ ਵਿੱਚ ਕਠਪੁਤਲੀ ਬਣ ਕੇ ਨਹੀਂ ਰਹਿਣਾ ਚਾਹੁੰਦਾ ਸੀ। ਇਸ ਲਈ ਉਸ ਨੇ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਦੇ ਯਤਨ ਕੀਤੇ।

2. ਉਹ ਅੰਗਰੇਜ਼ਾਂ ਦੁਆਰਾ ਕੀਤੀ ਜਾ ਰਹੀ ਵਪਾਰਿਕ ਸਹੂਲਤ ਦੀ ਦੁਰਵਰਤੋਂ ਨੂੰ ਸਹਿਣ ਕਰਨ ਲਈ ਤਿਆਰ ਨਹੀਂ ਸੀ।

3. ਅੰਗਰੇਜ਼ ਇਸ ਗੱਲ ਨੂੰ ਸਹਿਣ ਕਰਨ ਲਈ ਤਿਆਰ ਨਹੀਂ ਸਨ। ਉਨ੍ਹਾਂ ਨੇ 1763 ਈ. ਵਿੱਚ ਮੀਰ ਕਾਸਿਮ ਨੂੰ ਬੰਗਾਲ ਦੀ ਗੱਦੀ ਤੋਂ ਉਤਾਰ ਦਿੱਤਾ।

4. ਇਸ ਕਾਰਨ ਮੀਰ ਕਾਸਿਮ ਅੰਗਰੇਜ਼ਾਂ ਦਾ ਕੱਟੜ ਦੁਸ਼ਮਣ ਬਣ ਗਿਆ। ਉਸ ਨੇ 200 ਅੰਗਰੇਜ਼ ਕੈਦੀਆਂ ਦਾ ਕਤਲ ਕਰ ਦਿੱਤਾ। ਇਸ ਕਤਲੇਆਮ ਕਾਰਨ ਅੰਗਰੇਜ਼ ਭੜਕ ਉੱਠੇ।

**ਪ੍ਰਸ਼ਨ . ਬਕਸਰ ਦੀ ਲੜਾਈ ਦੇ ਕੀ ਸਿੱਟੇ ਨਿਕਲੇ?**

ਉੱਤਰ-ਬਕਸਰ ਦੀ ਲੜਾਈ ਦੇ ਸਿੱਟੇ ਪਲਾਸੀ ਦੀ ਲੜਾਈ ਦੇ ਸਿੱਟਿਆਂ ਨਾਲੋਂ ਵਧੇਰੇ ਮਹੱਤਵਪੂਰਨ ਸਨ। ਜੋ ਹੇਠ ਲਿਖੇ ਹਨ:-

1.ਇਸ ਜਿੱਤ ਕਾਰਨ ਬੰਗਾਲ ਵਿੱਚ ਅੰਗਰੇਜ਼ਾਂ ਦੀ ਸਥਿਤੀ ਵਧੇਰੇ ਮਜ਼ਬੂਤ ਹੋ ਗਈ।

2. ਅੰਗਰੇਜ਼ਾਂ ਨੇ ਮੁੜ ਮੀਰ ਜਾਫ਼ਰ ਨੂੰ ਬੰਗਾਲ ਦਾ ਨਵਾਬ ਬਣਾ ਦਿੱਤਾ।

3.ਅਵਧ ਵਿੱਚ ਅੰਗਰੇਜ਼ਾਂ ਨੂੰ ਕਈ ਵਪਾਰਿਕ ਸਹੂਲਤਾਂ ਪ੍ਰਾਪਤ ਹੋਈਆਂ।

4. ਅੰਗਰੇਜ਼ਾਂ ਨੇ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਜੇ ਤੋਂ ਬੰਗਾਲ, ਬਿਹਾਰ ਅਤੇ ਉੜੀਸਾ ਦੀ ਦੀਵਾਨੀ ਪ੍ਰਾਪਤ ਕੀਤੀ। ਇਸ ਕਾਰਨ ਅੰਗਰੇਜ਼ਾਂ ਦੇ ਸਾਧਨਾਂ ਵਿੱਚ ਬਹੁਤ ਵਾਧਾ ਹੋਇਆ।

ਭਾਰਤ ਵਿੱਚ ਉਨ੍ਹਾਂ ਦੀ ਸਥਿਤੀ ਕਾਫ਼ੀ ਮਜ਼ਬੂਤ ਹੋ ਗਈ। ਸਿੱਟੇ ਵਜੋਂ ਭਾਰਤ ਦੇ ਹੋਰਨਾਂ ਖੇਤਰਾਂ ਨੂੰ ਜਿੱਤਣ ਲਈ ਅੰਗਰੇਜ਼ਾਂ ਦਾ ਰਾਹ ਖੁੱਲ੍ਹ ਗਿਆ।

**ਪ੍ਰਸ਼ਨ  ਲਾਰਡ ਕਲਾਈਵ ਨੂੰ ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਦਾ ਮੋਢੀ ਕਿਉਂ ਕਿਹਾ ਜਾਂਦਾ ਹੈ ?**

ਉੱਤਰ—(i) ਉਸ ਨੇ ਪਲਾਸੀ ਦੀ ਲੜਾਈ ਵਿੱਚ ਬੰਗਾਲ ਦੇ ਨਵਾਬ ਸਿਰਾਜੁਉੱਦਲਾ ਨੂੰ ਕਪਟ ਨਾਲ ਹਰਾਇਆ ਅਤੇ ਉਸ ਦੀ ਥਾਂ 'ਤੇ ਮੀਰ ਜਾਫ਼ਰ ਨੂੰ ਕਠਪੁਤਲੀ ਨਵਾਬ ਬਣਾਇਆ।

(ii) ਉਸ ਨੇ 1759 ਈ. ਵਿੱਚ ਚਿੰਨਸੁਰਾ ਵਿਖੇ ਡੱਚਾਂ ਨੂੰ ਹਰਾ ਕੇ ਉਨ੍ਹਾਂ ਦੀ ਸ਼ਕਤੀ ਨੂੰ ਡੂੰਘੀ ਸੱਟ ਮਾਰੀ।

(iii) ਉਸ ਨੇ 1759 ਈ. ਵਿੱਚ ਫ਼ਰਾਂਸੀਸੀਆਂ ਨੂੰ ਹਰਾ ਕੇ ਉੱਤਰੀ ਸਰਕਾਰ 'ਤੇ ਕਬਜ਼ਾ ਕਰ ਲਿਆ ਸੀ।

(iv) ਉਸ ਨੇ 1765 ਈ. ਵਿੱਚ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਜੇ ਕੋਲੋਂ ਬੰਗਾਲ, ਬਿਹਾਰ ਅਤੇ ਉੜੀਸਾ ਦੀ ਦੀਵਾਨੀ ਦਾ ਅਧਿਕਾਰ ਪ੍ਰਾਪਤ ਕੀਤਾ।

(v) ਉਸਨੇ ਬੰਗਾਲ ਵਿੱਚ ਦੋਹਰੀ ਸ਼ਾਸਨ ਪ੍ਰਣਾਲੀ ਲਾਗੂ ਕੀਤੀ।

**ਪ੍ਰਸ਼ਨ ਸਹਾਇਕ ਸੰਧੀ ਤੋਂ ਕੀ ਭਾਵ ਹੈ ?**

ਉੱਤਰ:- ਅੰਗਰੇਜ਼ੀ ਰਾਜ ਦੇ ਪ੍ਰਭਾਵ ਨੂੰ ਵਧਾਉਣ ਲਈ ਲਾਰਡ ਵੈਲਜਲੀ ਨੇ 1798 ਈ. ਵਿੱਚ ਸਬਸਿਡੀਅਰੀ ਸਿਸਟਮ (ਸਹਾਇਕ ਸੰਧੀ) ਨਾਂ ਦੀ ਨੀਤੀ ਅਪਣਾਈ। ਇਸ ਸੰਧੀ ਦੇ ਮੰਨਣ ਵਾਲੇ ਹਾਕਮਾਂ ਨੂੰ ਆਪਣੇ ਦਰਬਾਰ ਵਿੱਚ ਅੰਗਰੇਜ਼ੀ ਫ਼ੌਜ ਰੱਖਣੀ ਪੈਂਦੀ ਸੀ।ਇਸ ਫ਼ੌਜ ਦਾ ਸਾਰਾ ਖ਼ਰਚਾ ਵੀ ਉਸ ਨੂੰ ਦੇਣਾ ਪੈਂਦਾ ਸੀ। ਇਹ ਰਾਜੇ ਅੰਗਰੇਜ਼ਾਂ ਦੀ ਮਨਜ਼ੂਰੀ ਤੋ ਬਿਨਾਂ ਕਿਸੇ ਹੋਰ ਸ਼ਕਤੀ ਨਾਲ ਲੜਾਈ ਜਾ ਸੰਧੀ ਨਹੀਂ ਕਰ ਸਕਦੇ ਸਨ। ਉਨ੍ਹਾਂ ਨੂੰ ਆਪਣੇ ਦਰਬਾਰ ਵਿੱਚ ਇੱਕ ਅੰਗਰੇਜ ਰੈਜ਼ੀਡੈਂਟ (ਪ੍ਰਤੀਨਿਧ) ਵੀ ਰੱਖਣਾ ਪੈਂਦਾ ਸੀ। ਇਸ ਸੰਧੀ ਨੂੰ ਸਭ ਤੋਂ ਪਹਿਲਾਂ 1798 ਈ. ਵਿੱਚ ਹੈਦਰਾਬਾਦ ਦੇ ਨਿਜ਼ਾਮ ਨੇ ਸਵੀਕਾਰ ਕੀਤਾ।ਇਹ ਸਿਸਟਮ ਅੰਗਰੇਜ਼ਾਂ ਲਈ ਲਾਹੇਵੰਦ ਪਰ ਭਾਰਤੀ ਸ਼ਾਸਕਾਂ ਲਈ ਬੜਾ ਹਾਨੀਕਾਰਕ ਸਿੱਧ ਹੋਇਆ।

**ਪ੍ਰਸ਼ਨ . ਪੰਜਾਬ ਨੂੰ ਕਿਸ ਤਰ੍ਹਾਂ ਅੰਗਰੇਜ਼ਾਂ ਨੇ ਆਪਣੇ ਅਧੀਨ ਕੀਤਾ ?**

ਉੱਤਰ-ਅੰਗਰੇਜ਼ ਪੰਜਾਬ ਵਰਗੇ ਮਹੱਤਵਪੂਰਨ ਇਲਾਕੇ 'ਤੇ ਕਬਜ਼ਾ ਕਰਨ ਲਈ ਕਾਫੀ ਲੰਮੇ ਸਮੇਂ ਤੋਂ ਯਤਨ ਕਰ ਰਹੇ ਸਨ। ਗਵਰਨਰ ਜਨਰਲ ਹਾਰਡਿੰਗ ਨੇ 18 ਦਸੰਬਰ, 1845 ਈ. ਨੂੰ ਸਿੱਖਾਂ ਦੇ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। ਇਸ ਵਿੱਚ ਸਿੱਖਾਂ ਨੂੰ ਲਾਲ ਸਿੰਘ ਅਤੇ ਤੇਜਾ ਸਿੰਘ ਦੀ ਗੱਦਾਰੀ ਕਾਰਨ ਹਾਰ ਦਾ ਮੂੰਹ ਵੇਖਣਾ ਪਿਆ। 1846 ਈ. ਨੂੰ ਲਾਹੌਰ ਦੀ ਸੰਧੀ ਅਤੇ 16 ਦਸੰਬਰ, 1846 ਈ. ਵਿੱਚ ਸਿੱਖਾਂ ਨਾਲ ਭੈਰੋਵਾਲ ਦੀ ਸੰਧੀ ਕੀਤੀ ਗਈ। ਇਨ੍ਹਾਂ ਸੰਧੀਆਂ ਦੀਆਂ ਧਾਰਾਵਾਂ ਅਨੁਸਾਰ ਅੰਗਰੇਜ਼ਾਂ ਦਾ ਪੰਜਾਬ 'ਤੇ ਬਹੁਤ ਪ੍ਰਭਾਵ ਵੱਧ ਗਿਆ। ਗਵਰਨਰ-ਜਨਰਲ ਲਾਰਡ ਡਲਹੌਜੀ ਨੇ ਨਵੰਬਰ, 1818 ਈ. ਵਿੱਚ ਸਿੱਖਾਂ ਵਿਰੁੱਧ ਜੰਗ ਛੇੜ ਦਿੱਤੀ। ਅੰਤ ਵਿੱਚ ਸਿੱਖ ਗੁਜਰਾਤ ਵਿਖੇ ਹੋਈ ਲੜਾਈ ਵਿੱਚ ਹਾਰ ਕਦੇ 29 ਮਾਰਚ, 1849 ਈ. ਨੂੰ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਲ ਕਰ ਲਿਆ ਗਿਆ।

**ਪ੍ਰਸ਼ਨ: ਅੰਗਰੇਜ਼ੀ ਪ੍ਰਸ਼ਾਸਨ ਅਧੀਨ ਪੁਲਿਸ ਪ੍ਰਬੰਧ ਕਿਹੋ ਜਿਹਾ ਸੀ?**

ਉੱਤਰ:-ਅੰਗਰੇਜ਼ੀ ਪ੍ਰਸ਼ਾਸਨ ਦਾ ਦੂਸਰਾ ਮੁੱਖ ਆਧਾਰ ਪੁਲਿਸ ਸੀ। ਇਸ ਦੀ ਸਥਾਪਨਾ ਕਾਨੂੰਨ ਅਤੇ ਵਿਵਸਥਾ ਨੂੰ ਬਣਦੀ ਰੱਖਣ ਲਈ ਕੀਤੀ ਗਈ ਸੀ।ਕਾਰਨਵਾਲਿਸ ਨੇ ਪੁਲਿਸ ਵਿਭਾਗ ਵਿੱਚ ਮਹੱਤਵਪੂਰਨ ਸੁਧਾਰ ਕੀਤੇ। ਉਸ ਨੇ ਜਗੀਰਦਾਰਾ ਨੂੰ ਮਿਲੇ ਪੁਲਿਸ ਅਧਿਕਾਰਾਂ ਤੋਂ ਬਾਂਝਾ ਕਰ ਦਿੱਤਾ। ਉਸ ਨੇ ਇੱਕ ਸਥਾਈ ਪੁਲਿਸ ਦਲ ਦੀ ਸਥਾਪਨਾ ਕੀਤੀ। ਜਿਲ੍ਹਿਆ ਦੀ ਦੇਖ-ਭਾਲ ਕਰਨ ਲਈ ਅੰਗਰੇਜ਼ ਪੁਲਿਸ ਕਪਤਾਨ ਨਿਯੁਕਤ ਕੀਤੇ ਗਏ। ਕਈ ਜ਼ਿਲ੍ਹਿਆਂ ਵਿੱਚ ਸਹਾਇਕ ਪੁਲਿਸ ਅਫਸਰ ਵੀ ਹੁੰਦੇ ਸਨ। ਜ਼ਿਲ੍ਹਿਆਂ ਨੂੰ ਅੱਗੇ ਕਈ ਥਾਣਿਆਂ ਵਿੱਚ ਵੰਡਿਆ ਗਿਆ। ਹਰ ਥਾਣਾ ਇੱਕ ਦਰੋਗੇ ਦੇ ਅਧੀਨ ਹੁੰਦਾ ਸੀ। ਦਰੋਗਾ ਦੇ ਅਧੀਨ ਕੁੱਝ ਪੁਲਿਸ ਕਰਮਚਾਰੀ ਹੁੰਦੇ ਸਨ। ਦਰੋਗਾ ਦੇ ਅਹੁਦੇ 'ਤੇ ਆਮ ਤੌਰ 'ਤੇ ਭਾਰਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਸੀ। ਦਰੋਗਿਆਂ ਦੇ ਕੰਮ ਦੀ ਦੇਖ-ਭਾਲ ਪੁਲਿਸ ਕਪਤਾਨ ਕਰਦੇ ਸਨ। ਪਿੰਡਾਂ ਵਿਚ ਪੁਰਾਣੀ ਵਿਵਸਥਾ ਚਲਦੀ ਰਹੀ। ਪਿੰਡਾ ਦੀ ਦੇਖ-ਭਾਲ ਦਾ ਕਾਰਜ ਪਹਿਲਾਂ ਵਾਂਗ ਚੌਕੀਦਾਰ ਕਰਦਾ ਸੀ। ਪੁਲਿਸ ਵਿਭਾਗ ਵਿੱਚ ਵੀ ਭਾਰਤੀਆਂ ਨੂੰ ਉੱਚ ਅਹੁਦਿਆਂ 'ਤੇ ਨਹੀਂ ਲਗਾਇਆ ਜਾਂਦਾ ਸੀ। ਉਨ੍ਹਾਂ ਦੀਆਂ ਤਨਖ਼ਾਹਾਂ ਵੀ ਬਹੁਤ ਘੱਟ ਹੁੰਦੀਆਂ ਸਨ। ਪੁਲਿਸ ਭਾਰਤ ਵਿੱਚ ਅਪਰਾਧਾਂ ਦੀ ਸੰਖਿਆ ਨੂੰ ਘਟਾਉਣ ਵਿੱਚ ਸਫਲ ਰਹੀ। ਇਸ ਨੇ ਚੋਰਾਂ, ਡਾਕੂਆਂ ਅਤੇ ਠੱਗਾਂ ਦਾ ਵਿਨਾਸ਼ ਕੀਤਾ। ਮਾਰਗਾਂ ਦੀ ਸੁਰੱਖਿਆ ਕਾਰਨ ਵਪਾਰ ਨੂੰ ਉਤਸ਼ਾਹ ਮਿਲਿਆ। ਇਸ ਨੇ ਅੰਗਰੇਜ਼ੀ ਸ਼ਾਸਨ ਦੇ ਵਿਰੁੱਧ ਹੋਣ ਵਾਲੀਆਂ ਸਾਜ਼ਿਸ਼ਾਂ ਨੂੰ ਰੋਕਿਆ। ਰਾਸ਼ਟਰੀ ਅੰਦੋਲਨ ਦੇ ਸਮੇਂ ਇਸ ਦੀ ਵਰਤੋਂ ਅੰਦੋਲਨਕਾਰੀਆਂ ਨੂੰ ਕੁਚਲਣ ਲਈ ਵੀ ਕੀਤੀ ਗਈ। ਅਸਲ ਵਿੱਚ ਭਾਰਤੀ ਪੁਲਿਸ ਲੋਕਾਂ ਦੀ ਰੱਖਿਆ ਕਰਨ ਦੀ ਬਜਾਏ ਉਨ੍ਹਾਂ ਨੂੰ ਲੁੱਟਣ ਵਿੱਚ ਵਧੇਰੇ ਵਿਸ਼ਵਾਸ ਰੱਖਦੀ ਸੀ। ਇਸ ਕਾਰਨ ਲੋਕ ਪੁਲਿਸ ਤੋਂ ਬਹੁਤ ਡਰਦੇ ਸਨ। ਇਸ ਦੇ ਇਲਾਵਾ ਭਾਰਤੀ ਪੁਲਿਸ ਵਿਸ਼ਵ ਦੀ ਸਭ ਤੋਂ ਰਿਸ਼ਵਤਖੋਰ ਪੁਲਿਸ ਸੀ। ਇਸਦਾ ਮੁੱਖ ਕਾਰਨ ਇਹ ਸੀ ਕਿ ਉਨ੍ਹਾਂ ਦਾ ਵੇਤਨ ਬਹੁਤ ਘੱਟ ਹੁੰਦਾ ਸੀ।

**ਸ਼ਰੋਤ ਅਧਾਰਿਤ ਪ੍ਰਸ਼ਨ:**

ਅਸ਼ੋਕ ਨੇ ਸਾਮਰਾਜ ਦੇ ਵੱਖ- ਵੱਖ ਹਿੱਸਿਆਂ ਵਿੱਚ ਅਤੇ ਖ਼ਾਸ ਤੌਰ ਤੇ ਟੈਕਸਿਲਾ, ਸ੍ਰੀਨਗਰ, ਥਾਨੇਸ਼ਵਰ, ਮਥੁਰਾ, ਅਯੁਧਿਆ, ਪ੍ਰਯਾਗ, ਕੌਸ਼ਾਂਭੀ, ਕਪਿਲਵਸਤੂ, ਬਨਾਰਸ, ਵੈਸ਼ਾਲੀ, ਗਯਾ ਆਦਿ ਨਗਰਾਂ ਵਿੱਚ ਸਤੂਪਾਂ ਦੀ ਉਸਾਰੀ ਕਰਵਾਈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਸਤੂਪ ਬਾਅਦ ਵਿੱਚ ਨਸ਼ਟ ਹੋ ਗਏ ਅਤੇ ਅੱਜ ਕੁਝ ਹੀ ਸਤੂਪ ਜਾਂ ਉਨ੍ਹਾਂ ਦੇ ਖੰਡਰ ਰਹਿ ਗਏ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਪ੍ਰਸਿੱਧ ਭੋਪਾਲ ਤੋਂ ਕੁਝ ਮੀਲ ਦੀ ਦੂਰੀ ਤੇ ਸਾਂਚੀ ਦਾ ਸਤੂਪ ਹੈ। ਇਸ ਸਤੂਪ ਦੀ ਉਚਾਈ 77.5 ਫੁੱਟ ਅਤੇ ਵਿਆਸ (diameter) 110 ਫੁੱਟ ਹੈ।ਇਸ ਦੀ ਚੋਟੀ ਤੇ ਕਿ ਪੱਥਰ ਦੀ ਛਤਰੀ ਬਣੀ ਹੋਈ ਹੈ ਅਤੇ ਇਸ ਦੇ ਦਰਵਾਜ਼ਿਆਂ ਅਤੇ ਆਸ- ਪਾਸ ਦੇ ਸਥਾਨਾਂ ਉੱਤੇ ਕਈ ਚਿੱਤਰ ਅੰਕਿਤ ਹਨ, ਜੋ ਅਸ਼ੋਕ ਦੇ ਸਮੇਂ ਦੇ ਰੀਤੀ-ਰਿਵਾਜਾਂ ਉੱਤੇ ਚਾਨਣਾ ਪਾਉਂਦੇ ਹਨ। ਸਾਂਚੀ ਦਾ ਸਤੂਪ ਪ੍ਰਾਚੀਨ ਭਾਰਤ ਦੇ ਸਭ ਤੋਂ ਪ੍ਰਭਾਵਸ਼ਾਲੀ ਇਮਾਰਤੀ ਖੰਡਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਅਸ਼ੋਕ ਦੇ ਸਮੇਂ ਦਾ ਦੂਜਾ ਪ੍ਰਸਿੱਧ ਸਤੂਪ ਭਾਰਹੁਤ ਵਿੱਚ ਪ੍ਰਾਪਤ ਹੋਇਆ ਹੈ ਜਿਸ ਦਾ ਵਿਆਸ 68 ਫੁੱਟ ਸੀ। ਇਹ ਸਤੂਪ ਹੁਣ ਬਿਲਕੁਲ ਨਸ਼ਟ ਹੋ ਚੁੱਕਿਆ ਹੈ।

(i)ਸਾਂਚੀ ਦੇ ਸਤੂਪ ਦੀ ਉਚਾਈ ਤੇ ਵਿਆਸ ਕਿੰਨਾ ਹੈ?

(ii) ਅਸ਼ੋਕ ਨੇ ਕਿੱਥੇ ਕਿੱਥੇ ਸਤੂਪਾਂ ਦੀ ਉਸਾਰੀ ਕਰਵਾਈ?

(iii) ਪ੍ਰਾਚੀਨ ਭਾਰਤ ਦੇ ਸਭ ਤੋਂ ਪ੍ਰਭਾਵਸ਼ਾਲੀ ਇਮਾਰਤੀ ਖੰਡਰਾਂ ਵਿੱਚੋਂ ਇੱਕ ਕਿਸਨੂੰ ਮੰਨਿਆ ਜਾਂਦਾ ਹੈ?

(iv) ਅਸ਼ੋਕ ਦੇ ਸਮੇਂ ਦਾ ਦੂਜਾ ਪ੍ਰਸਿੱਧ ਸਤੂਪ ਕਿੱਥੋਂ ਪ੍ਰਾਪਤ ਹੋਇਆ ਹੈ?

(v) ਸਾਂਚੀ ਦਾ ਸਤੂਪ ਕਿਸ ਧਰਮ ਨਾਲ ਸਬੰਧਿਤ ਹੈ?

(vi)ਸਾਂਚੀ ਦੇ ਸਤੂਪ ਕਿਸ ਸਮੇਂ ਦੇ ਰੀਤੀ-ਰਿਵਾਜਾਂ ਉੱਤੇ ਚਾਨਣਾ ਪਾਉਂਦੇ ਹਨ?

ਸਲਤਨਤ ਕਾਲੀਨ ਵਪਾਰਕ ਕੇਂਦਰ ਵਿੱਚ ਪੰਜਾਬ ਦਾ ਇੱਕ ਨਗਰ ਵਿਸ਼ੇਸ਼ ਮਹੱਤਵ ਰੱਖਦਾ ਸੀ। ਇਹ ਨਗਰ ਦਾ ਨਾਮ ਹੈ ਸੁਨਾਮ। ਸੁਨਾਮ ਇੱਕ ਬਹੁਤ ਹੀ ਪੁਰਾਣਾ ਨਗਰ ਹੈ । ਪੁਰਾਣਾ ਨਗਰ ਸ਼ਾਇਦ ਇੱਕ ਪੁਰਾਣੇ ਕਿਲ੍ਹੇ ਦੀਆਂ ਦੀਵਾਰਾਂ ਦੇ ਅੰਦਰ ਬਣਿਆ ਹੋਇਆ ਸੀ । ਸਲਤਨਤ ਕਾਲ ਵਿੱਚ ਇਸ ਨੇ ਪੰਜਾਬ ਦੇ ਇਤਿਹਾਸ ਵਿੱਚ ਬੜਾ ਹਿੱਸਾ ਪਾਇਆ । ਜਦੋਂ ਕੁਤਬ - ਉਦ - ਦੀਨ ਇਸ ਨਗਰ ਵਿੱਚ ਆਇਆ ਅਤੇ ਇਸ ਨੂੰ ਊਠ ਦੀ ਕੁਹਾਨ ਨਾਲ ਮਿਲਦਾ ਜੁਲਦਾ ਵੇਖਿਆ ਤਾਂ ਉਸ ਨੇ ਇਸ ਦਾ ਨਾਂ ਸੁਨਾਮ ਰੱਖ ਦਿੱਤਾ । ਸੁਨਾਮ ਅਰਬੀ ਦਾ ਸ਼ਬਦ ਹੈ ਜਿਸ ਦਾ ਭਾਵ ਹੈ ਊਠ ਦਾ ਕੁਹਾਨ । ਸੁਲਤਾਨ ਸ਼ਮਸ - ਉਦ - ਦੀਨ ਇਲਤੁਤਮਿਸ਼ ਨੇ ਇਹ ਨਗਰ ਆਪਣੇ ਇੱਕ ਸੇਵਾਦਾਰ ਸ਼ੇਰ ਖ਼ਾਂ ਨੂੰ ਜਾਗੀਰ ਵਜੋਂ ਦੇ ਦਿੱਤਾ । ਆਪਣੇ ਚਾਚੇ ਦੇ ਪੁੱਤਰ ਸ਼ੇਰ ਖ਼ਾਂ ਦੀ ਮੌਤ ਉਪਰੰਤ ਗਿਆਸ - ਉਦ - ਦੀਨ ਬਲਬਨ ਨੇ ਸਮਾਣੇ ਸਮੇਤ ਇਹ ਨਗਰ ਤਿਮਰ ਖ਼ਾਂ ਦੇ ਹਵਾਲੇ ਕਰ ਦਿੱਤਾ , ਜੋ ਇਸ ਤੋਂ ਪਿਛੋਂ ਉਸ ਨੇ ਆਪਣੇ ਪੁੱਤਰ ਬੁਗਰਾ ਖ਼ਾਂ ਨੂੰ ਬਖ਼ਸ਼ ਦਿੱਤਾ । ਫ਼ੀਰੋਜ਼ਸ਼ਾਹ ਤੁਗ਼ਲਕ ਨੇ ਇੱਕ ਨਹਿਰ ਪੁਟਵਾਈ ਜਿਹੜੀ 1360 ਈ . ਵਿੱਚ ਸਰਹੰਦ ਅਤੇ ਮਨਸੂਰਪੁਰ ( ਛੀਟਾਂ ਵਾਲਾ ) ਵਿਚੋਂ ਦੀ ਲੰਘਦੀ ਹੋਈ ਇਸ ਨਗਰ ਤਕ ਪੁੱਜਦੀ ਸੀ । 1398 ਈ . ਵਿੱਚ ਤੀਮੂਰ ਨੇ ਸੁਨਾਮ ਦਾ ਕਸਬਾ ਲੁੱਟਿਆ ।

(i) ਸੁਨਾਮ ਕਿਸ ਭਾਸ਼ਾ ਦਾ ਸ਼ਬਦ ਹੈ?

(ii) ਮਨਸੂਰਪੁਰ ਦਾ ਆਧੁਨਿਕ ਨਾਮ ਕੀ ਹੈ?

(iii)ਕਿਸਦੀ ਮੌਤ ਤੋਂ ਬਾਅਦ ਸੁਨਾਮ ਤਿਮਰ ਖ਼ਾਂ ਦੇ ਹਵਾਲੇ ਕੀਤਾ ਗਿਆ?

(iv)ਫ਼ਿਰੋਜਸ਼ਾਹ ਤੁਗਲਕ ਨੇ ਕਿਹੜੀ ਨਹਿਰ ਪੁਟਵਾਈ ਸੀ?

(v) ਸ਼ੇਰ ਖਾਂ ਕਿਸਦਾ ਸੇਵਾਦਾਰ ਸੀ?

(vi) ਪੁਰਾਣਾ ਨਗਰ ਕਿੱਥੇ ਬਣਿਆ ਹੋਇਆ ਸੀ?

ਸੰਗਤ ਤੇ ਪੰਗਤ ਸਿੱਖ ਧਰਮ ਦੀਆਂ ਮੁੱਢਲੀਆਂ ਸੰਸਥਾਵਾਂ ਹਨ। ਲੰਗਰ ਤੇ ਪੰਗਤ ਆਪਸ ਵਿੱਚ ਗੂੜ੍ਹਾ ਸਬੰਧ ਰੱਖਦੇ ਹਨ।ਲੰਗਰ ਸਿੱਖੀ ਵਿੱਚ ਸਾਂਝੀ ਰਸੋਈ ਲਈ ਵਰਤਿਆ ਜਾਂਦਾ ਸ਼ਬਦ ਹੈ, ਜਿੱਥੇ ਗੁਰਦੁਆਰੇ ਵਿੱਚ ਸਾਰੇ ਸ਼ਰਧਾਲੂਆਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਮੁਫ਼ਤ ਖਾਣਾ ਦਿੱਤਾ ਜਾਂਦਾ ਹੈ। ਲੰਗਰ ਵਿੱਚ ਆਮ ਤੌਰ ਉੱਤੇ ਸ਼ਾਕਾਹਾਰੀ ਖਾਣਾ ਪਰੋਸਿਆ ਜਾਂਦਾ ਹੈ ਤਾਂ ਜੋ ਸਾਰੇ ਲੋਕ ਆਪਣੇ

ਪਿਛੋਕੜ ਦੇ ਵਿਤਕਰੇ ਬਗ਼ੈਰ ਲੰਗਰ ਛਕ ਸਕਣ। ਇਹ ਸਾਰੇ ਸਿੱਖਾਂ ਅਤੇ ਗ਼ੈਰ-ਸਿੱਖਾਂ ਲਈ ਖੁੱਲ੍ਹਾ ਹੁੰਦਾ ਹੈ। ਇਹ ਇੱਕ ਅਜਿਹੀ ਸੰਸਥਾ ਹੈ ਜਿਸਨੇ ਮਨੁੱਖੀ ਕਰੋਪੀਆਂ ਸਮੇਂ ਭਾਰਤ ਦੇ ਵੱਖ ਵੱਖ ਖੇਤਰਾਂ ਵਿੱਚ ਆਪਣਾ ਉਦਾਰ ਲੋਕਮੁੱਖੀ ਰੂਪ ਸਿੱਧ ਕੀਤਾ ਹੈ। ਗੁਜਰਾਤ ਵਿੱਚ ਭੁਚਾਲ, ਉੜੀਸਾ ਵਿੱਚ ਹੜ੍ਹ ਅਤੇ ਦੱਖਣੀ ਭਾਰਤ ਵਿੱਚ ਸੁਨਾਮੀ ਸਮੇਂ ਇਸ ਸੰਸਥਾ ਦੀ ਗੌਰਵਮਈ ਭੂਮਿਕਾ ਖ਼ਾਸ ਤੌਰ ਤੇ ਵਰਨਣਯੋਗ ਹੈ। ਇਨ੍ਹਾਂ ਮੌਕਿਆਂ ਤੇ ਮੰਦੇਹਾਲ ਅਤੇ ਭੁੱਖੇ ਲੋਕਾਂ ਨੂੰ ਪੰਗਤ ਵਿੱਚ ਬਿਠਾ ਕੇ ਬਿਨਾਂ ਕਿਸੇ ਭੇਦ ਭਾਵ ਤੋਂ ਮੁਫ਼ਤ ਲੰਗਰ ਛਕਾਇਆ ਜਾਣਾ ਸਿੱਖਾਂ ਵਿੱਚ ਮਿਲਦੀ ਵਿਲੱਖਣ ਰਵਾਇਤ ਦੀ ਮੂੰਹ ਬੋਲਦੀ ਤਸਵੀਰ ਸੀ। ਪੰਗਤ ਵਿੱਚ ਬੈਠ ਕੇ ਲੰਗਰ ਛਕਣਾ ਏਕਤਾ ਅਤੇ ਬਰਾਬਰਤਾ ਦਾ ਸੰਦੇਸ਼ ਦਿੰਦਾ ਹੈ। ਸੇਵਾ ਕਰਨ ਨਾਲ ਹਉਮੈ ਦੀ ਨਵਿਰਤੀ ਹੁੰਦੀ ਹੈ। ਲੰਗਰ ਦੀ ਸੇਵਾ ਅਸਲ 'ਚ ਗੁਰੂ ਦੀ ਸੇਵਾ ਹੈ ਅਤੇ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰਨਾ ਹੈ। ਲੰਗਰ ਨਾਮ ਦੀ ਇਹ ਸੰਸਥਾ ਓਨੀ ਹੀ ਪੁਰਾਣੀ ਹੈ ਜਿੰਨਾ ਪੁਰਾਣਾ ਸਿੱਖ ਧਰਮ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਭੁੱਖੇ ਸਾਧੂਆਂ ਨੂੰ ਲੰਗਰ ਛਕਾਉਣ ਵੇਲੇ ਹੀ ਇਸ ਸੰਸਥਾ ਦੀ ਨੀਂਹ ਰੱਖੀ ਗਈ ਸੀ। ਸਾਰੇ ਹੀ ਗੁਰੂ ਸਾਹਿਬਾਨ ਵੱਲੋਂ ਇਸ ਸੰਸਥਾ ਦਾ ਵਿਸਥਾਰ ਕੀਤਾ ਗਿਆ। ਅੱਜ ਇਹ ਸੰਸਥਾ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਬਣ ਚੁੱਕੀ ਹੈ।

(i) ਸਿੱਖ ਧਰਮ ਦੀਆਂ ਮੁੱਢਲੀਆਂ ਸੰਸਥਾਵਾਂ ਕਿਹੜੀਆਂ ਹਨ?

(ii) ਸਿੱਖ ਧਰਮ ਵਿੱਚ ਸਾਂਝੀ ਰਸੋਈ ਲਈ ਕਿਹੜਾ ਸ਼ਬਦ ਵਰਤਿਆ ਜਾਂਦਾ ਹੈ?

(iii) ਕਿਹੜੀ ਸੰਸਥਾ ਨੇ ਕੁਦਰਤੀ ਕਰੋਪੀਆਂ ਸਮੇਂ ਭਾਰਤ ਦੇ ਵੱਖ ਵੱਖ ਖੇਤਰਾਂ ਵਿੱਚ ਆਪਣਾ ਉਦਾਰ ਲੋਕਮੁੱਖੀ ਰੂਪ ਸਿੱਧ ਕੀਤਾ ਹੈ?

(iv) ਲੰਗਰ ਸੰਸਥਾ ਦੀ ਨੀਂਹ ਕਿਸਨੇ ਰੱਖੀ ਸੀ?

(v) ਪੈਰੇ ਅਨੁਸਾਰ ਕਿਹੜੀ ਸੰਸਥਾ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਹੈ?

(vi) ਸਿੱਖ ਪਰੰਪਰਾਵਾਂ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੁੱਖੇ ਸਾਧੂਆਂ ਨੂੰ ਲੰਗਰ ਕਿੱਥੇ ਛਕਾਇਆ ਸੀ?